ਦੇਗ ਤੇਗ ਫ਼ਤਹਿ ! ਪੰਥ ਕੀ ਜੀਤ !

੧ ੴ ਵਾਹਿਗੁਰੂ ਜੀ ਕੀ ਫ਼ਤਹਿ ।

ooooo

ਬੁੱਕਲ ਦੇ ਸੱਪਾਂ ਵਲੋਂ ਸ਼ਹੀਦ ਸੁਰਿੰਦਰ ਸਿੰਘ ਸੋਢੀ ਦੇ ਕਤਲ ਤੋਂ ਬਾਅਦ ਸੰਤ ਹਰਚੰਦ ਸਿੰਘ ਲੌਂਗੋਵਾਲ ਡਿਕਟੇਟਰ ਧਰਮ ਯੁੱਧ ਮੋਰਚਾ ਦੀ ਅਪੀਲ ਤੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚ ਪੈਦਾ ਹੋਏ ਤਨਾਅ ਨੂੰ ਘਟਾਉਣ ਲਈ ਸਿੰਘ ਸਾਹਿਬਾਨ ਵਲੋਂ ਉਪਰਾਲੇ ਆਰੰਭੇ ਹਏ। ਸਿੰਘ ਸਾਹਿਬਾਨ ਨੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਖੇ ਵਿਚਰ ਰਹੀਆਂ ਜਥੇਬੰਦੀਆਂ ਨੂੰ ਬੁਲਾਇਆ। ਅਕਾਲ ਫ਼ੈਡਰੇਸ਼ਨ ਵਲੋਂ ਭਾਈ ਕੰਵਰ ਸਿੰਘ ਹਾਜ਼ਰ ਹੋਏ ਅਤੇ ਕੀਤੀ ਜਾਣ ਵਾਲੀ ਅਪੀਲ ਸਬੰਧੀ ਅਕਾਲ ਫ਼ੈਡਰੇਸ਼ਨ ਦੇ ਵਿਚਾਰਾਂ ਤੋਂ ਜਾਣੂ ਕਰਵਾਇਆ। ਉਸ ਤੋਂ ਬਾਅਦ ਲਿਖਤੀ ਰੂਪ ਵਿਚ ਵੀ ਮਿਤੀ ੨੯-੪-੮੪ ਮੁਤਾਬਕ ੧੭ ਵੈਸਾਖ ਸੰਮਤ ਨਾਨਕਸ਼ਾਹੀ ੫੧੫ ਦਿਨ ਐਤਵਾਰ ਨੂੰ ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਅਤੇ ਤਖਤ ਸਾਹਿਬਾਨ ਦੇ ਜਥੇਦਾਰ ਸਾਹਿਬਾਨ ਨੂੰ ਹਾਜ਼ਰ ਹੋ ਕੇ ਦਿਤਾ ਗਿਆ

# ਬੇਨਤੀ ਪੱਤਰ

ਪਰਮ ਸਤਿਕਾਰ ਯੋਗ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ
ਅਤੇ ਸਿੰਘ ਸਾਹਿਬ ਜਥੇਦਾਰ ਤਖਤ ਸਾਹਿਬਾਨ।

ਵਾਹਿਗੁਰੂ ਜੀ ਕਾ ਖ਼ਾਲਸਾ ॥
ਵਾਹਿਗੁਰੂ ਜੀ ਕੀ ਫ਼ਤਹਿ ॥

ਪਿਛਲੇ ਕੁਝ ਸਮੇਂ ਵਿੱਚ ਸ੍ਰੀ ਦਰਬਾਰ ਸਾਹਿਬ ਵਿਖੇ ਵਾਪਰੀਆਂ ਘਟਨਾਵਾਂ ਸਿੱਖ ਕੌਮ ਦੇ ਧਰਮ ਯੁੱਧ ਮੋਰਚੇ ਦੇ ਇਸ ਨਾਜ਼ੁਕ ਸਮੇਂ ਬਹੁਤ ਹੀ ਸੰਜੀਦਗੀ ਨਾਲ ਵਿਚਾਰਨ ਵਾਲੀਆਂ ਹਨ। ਆਪ ਜੀ ਨੇ ਇਸ ਪੱਖੋਂ ਦਰਬਾਰ ਸਾਹਿਬ ਕੰਪਲੈਕਸ ਦੀ ਪਵਿੱਤਰਤਾ ਕਾਇਮ ਰੱਖਣ. ਕੰਪਲੈਕਸ ਵਿਚ ਫ਼ਾਇਰਿੰਗ ਅਤੇ ਹੱਤਿਆ ਨਾ ਕਰਨ, ਆਪਸੀ ਮਤਭੇਦ ਮਿਟਾ ਕੇ ਪੰਥ ਦੀ ਵਾਹਿਦ ਨੁਮਾਇੰਦਾ ਜਥੇਬੰਦੀ ਸ੍ਰੋ. ਅਕਾਲੀ ਦਲ ਦਾ ਸਾਥ ਦੇਣ ਦੀ ਅਪੀਲ ਸਬੰਧੀ ਦਾਸ ਦੇ ਵਿਚਾਰ ਜਾਨਣ ਲਈ ਮਿਤੀ 28-4-84 ਨੂੰ ਬੁਲਾਇਆ ਸੀ। ਜੋ ਮੈਂ ਨਿਮਰਤਾ ਸਹਿਤ ਸਿੱਖ ਸਿਧਾਂਤ ਦੀ ਰੋਸ਼ਨੀ ਵਿਚ ਆਪ ਜੀ ਨੂੰ ਜਾਣੂ ਕਰਵਾਇਆ ਸੀ ਅਤੇ ਇਹ ਵਿਚਾਰ ਲਿਖਤੀ ਰੂਪ ਵਿਚ ਵੀ ਆਪ ਜੀ ਨੂੰ ਪੇਸ਼ ਕਰ ਰਿਹਾ ਹਾਂ।

ਜਿਵੇਂ ਕਿ ਆਪ ਭਲੀ ਭਾਂਤ ਜਾਣੂ ਹੋ ਕਿ ਕੁਝ ਦਿਨ ਹੋਏ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਅਤੇ ਉਹਨਾਂ ਦੇ ਨਿਕਟਵਰਤੀ ਸਾਥੀਆਂ ਨੂੰ ਕਤਲ ਕਰਨ ਦੀ ਇਕ ਸਰਕਾਰੀ ਸਾਜ਼ਿਸ਼ ਸਿੱਖ ਸੰਗਤਾਂ ਸਾਹਮਣੇ ਨੰਗੀ ਹੋਈ ਹੈ ਜਿਸ ਵਿਚ ਸ੍ਰੋ: ਅਕਾਲੀ ਦਲ ਦੇ ਅਹੁਦੇਦਾਰ ਵੀ ਸ਼ਾਮਲ ਹਨ, ਜਿਨ੍ਹਾਂ ਵਿਚੋਂ ਇਕ ਸਾਜ਼ਸ਼ੀ ਨੂੰ ਦਰਬਾਰ ਸਾਹਿਬ ਵਿਚ ਹੀ ਰੋਹ ਭਰੀਆਂ ਸਿੱਖ ਸੰਗਤਾਂ ਵਲੋਂ ਸੋਧਿਆ ਜਾ ਚੁਕਾ ਹੈ ਅਤੇ ਦੂਸਰੇ ਸਾਜ਼ਸ਼ੀ ਗੁਰਚਰਨ ਸਿੰਘ ਸਕੱਤਰ ਅਕਾਲੀ ਦਲ ਤੇ ਉਸ ਦੇ ਟੋਲੇ ਨੂੰ ਸੰਤ ਹਰਚੰਦ ਸਿੰਘ ਲੌਂਗੋਵਾਲ ਵਲੋਂ ਆਪਣੀ ਪਨਾਹ ਵਿੱਚ ਸਮੁੰਦਰੀ ਹਾਲ ਵਿੱਚ ਰੱਖਿਆ ਜਾ ਰਿਹਾ ਹੈ।

ਇਹ ਘਟਨਾਵਾਂ ਵਾਪਰਨ ਦੇ ਕਾਰਨ ਬਹੁਤ ਮੁਢਲੇ ਹਨ, ਜਿਨ੍ਹਾਂ ਨੂੰ ਵਿਚਾਰੇ ਬਿਨਾਂ ਅਸੀਂ ਨਾ ਤਾਂ ਕਿਸੇ ਠੀਕ ਨਤੀਜੇ ਤੇ ਪਹੁੰਚ ਸਕਦੇ ਹਾਂ ਅਤੇ ਨਾ ਹੀ ਇਹਨਾਂ ਦੇ ਮੁੜ ਵਾਪਰਨ ਬਾਰੇ ਕੋਈ ਸਥਾਈ ਹੱਲ ਲੱਭ ਸਕਦੇ ਹਾਂ।

ਅਸਲ ਵਿਚ ਇਕ ਲੰਮੇ ਸਮੇਂ ਤੋਂ ਦੋ ਸਿਧਾਂਤਾਂ ਦਾ ਆਪਸੀ ਟਕਰਾਉ ਹੁੰਦਾ ਆ ਰਿਹਾ ਹੈ ਜਿਨ੍ਹਾਂ ਵਿਚੋਂ ਇਕ ਹੈ ਗਾਂਧੀ-ਵਾਦੀ ਸ਼ਾਂਤਮਈ ਸਤਿਆਗ੍ਰਹਿ ਅਤੇ ਦੂਸਰਾ ਗੁਰੂ ਆਸ਼ੇ ਅਨੁਸਾਰ ਹਥਿਆਰ-ਬੰਦ ਜਦੋ-ਜਹਿਦ। ਜਦੋਂ ਕਿ ਮੋਰਚਾ ਡਿਕਟੇਟਰ "ਸ੍ਰੀ ਮਾਨ ਸੰਤ ਹਰਚੰਦ ਸਿੰਘ ਲੌਂਗੋਵਾਲ" ਸ਼੍ਰੋਮਣੀ ਅਕਾਲੀ ਦਲ ਦੇ ਪਾਲਿਸੀ ਪ੍ਰੋਗਰਾਮ ਦੇ ਨਾਂ ਤੇ ਕੇਵਲ ਸ਼ਾਂਤਮਈ ਸਤਿਆਗ੍ਰਹਿ ਨੂੰ ਹੀ ਸਿੱਖ ਪ੍ਰੰਪਰਾਵਾਂ ਦੇ ਅਨੁਕੂਲ ਦੱਸ ਕੇ ਸਿਧੇ ਅਤੇ ਅਸਿੱਧੇ ਢੰਗ ਨਾਲ ਸਮੇਂ ਸਮੇਂ ਹਥਿਆਰਬੰਦ ਅਤੇ ਗੁਰੀਲਾ ਯੁੱਧ ਨੂੰ ਸਿੱਖ ਪ੍ਰੰਪਰਾਵਾਂ ਦੇ ਉਲਟ ਹੋਣ ਦਾ ਪ੍ਰਚਾਰ ਕਰਦੇ ਚਲੇ ਆ ਰਹੇ ਹਨ ਅਤੇ ਖਾਲਸਾ ਰਾਜ ਦੀ ਪ੍ਰਾਪਤੀ ਲਈ ਲੜ ਰਹੀਆਂ ਸਿੱਖ ਜਥੇਬੰਦੀਆਂ ਅਤੇ ਹਥਿਆਰਬੰਦ ਜਦੋ-ਜਹਿਦ ਕਰ ਰਹੇ ਯੋਧਿਆਂ ਸਮੇਤ ਸੰਤ ਭਿੰਡਰਾਂ ਵਾਲਿਆਂ ਨੂੰ ਸਿੱਖ ਰਵਾਇਤਾਂ ਦੇ ਉਲਟ ਕਾਂਗਰਸ ਦੇ ਏਜੰਟ ਵਗੈਰਾ ਕਿਹਾ ਜਾ ਰਿਹਾ ਹੈ।

ਦੂਸਰੇ ਪਾਸੇ ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ ਹਥਿਆਰ-ਬੰਦ ਜਦੋ-ਜਹਿਦ ਨੂੰ ਗੁਰੂ ਆਸ਼ੇ ਅਤੇ ਪੁਰਾਤਨ ਸਿੱਖ ਪ੍ਰੰਪਰਾਵਾਂ ਅਨੁਸਾਰ ਸਮੇਂ ਦੀ ਲੋੜ ਮੰਨ ਕੇ ਸਿੱਖ ਕੌਮ ਨੂੰ ਇਸ ਵੱਲ ਪ੍ਰੇਰਦੇ ਆ ਰਹੇ ਹਨ। ਖਾਲਸਾ ਪੰਥ ਸਿੱਖ ਸਿਧਾਂਤ ਨੂੰ ਸਮਝ ਕੇ ਸੰਤ ਭਿੰਡਰਾਂ ਵਾਲਿਆਂ ਦੇ ਦਿਤੇ ਰਾਹ ਨੂੰ ਸਹੀ ਮੰਨ ਕੇ ਉਹਨਾਂ ਦੇ ਮਗਰ ਹੋ ਤੁਰਿਆ ਹੈ। ਸੰਤ ਭਿੰਡਰਾਂ ਵਾਲਿਆਂ ਦੀ ਸਿੱਖ ਕੌਮ ਅੰਦਰ ਦਿਨੋ ਦਿਨ ਵਧਦੀ ਲੋਕਪ੍ਰਿਯਤਾ ਨਾ ਝੱਲਦੇ ਹੋਏ ਈਰਖਾ, ਖ਼ੁਦਗਰਜ਼ੀ ਤੇ ਲਾਲਚ ਵੱਸ ਹੋ ਕੇ ਕੁਝ ਕੁਰਸੀਆਂ ਦੇ ਭੁੱਖੇ ਅਤੇ ਸਰਕਾਰ ਕੋਲ ਵਿਕੇ ਲੋਕ ਜਦੋਂ ਸੰਤ ਲੌਂਗੋਵਾਲ ਕੋਲੋਂ ਤਰ੍ਹਾਂ ਤਰ੍ਹਾਂ ਦੇ ਫ਼ਤਵੇ ਦਿਵਾ ਕੇ ਅਤੇ ਕਈ ਤਰ੍ਹਾਂ ਦੀਆਂ ਊਲ ਜਲੂਲ ਤੋਹਮਤਾਂ ਲਾ ਕੇ ਵੀ ਸੰਤ ਭਿੰਡਰਾਂ ਵਾਲਿਆਂ ਦੀ ਸਖਸ਼ੀਅਤ ਤੇ ਕੋਈ ਅਸਰ ਨਹੀਂ ਪਾ ਸਕੇ ਤਾਂ ਇਹਨਾਂ ਪੰਥ-ਧਰੋਹੀਆਂ ਨੇ ਸੰਤ ਭਿੰਡਰਾਂ ਵਾਲਿਆਂ ਨੂੰ ਸਿਧਾਂਤ ਦੀ ਕਸਵੱਟੀ ਤੇ ਦਲੀਲ ਵਿਚ ਨਾ ਮਾਰ ਸਕਣ ਕਰਕੇ ਜਾਨੋਂ ਮਾਰਨ ਦੀ ਕੋਸ਼ਿਸ਼ ਕੀਤੀ ਹੈ ? ਅਤੇ ਸੰਤਾਂ ਦੇ ਇਕ ਨਿਕਟਵਰਤੀ ਸਾਥੀ ਭਾਈ ਸੁਰਿੰਦਰ ਸਿੰਘ ਸੋਢੀ ਨੂੰ ਸ਼ਹੀਦ ਕਰ ਦਿੱਤਾ ਹੈ। ਸੰਤ ਜਰਨੈਲ ਸਿੰਘ ਤੇ ਉਹਨਾਂ ਦੇ ਸਾਥੀ ਸਿੱਖ ਕੌਮ ਦਾ ਵੱਡ ਮੁੱਲਾ ਸਰਮਾਇਆ ਹਨ। ਸੰਤਾਂ ਨੂੰ ਜਾਨੋਂ ਮਾਰਨ ਦੀ ਇਹ ਸਾਜ਼ਿਸ਼ ਸਿਰਫ ਸੰਤ ਜਰਨੈਲ ਸਿੰਘ ਨਾਲ ਜ਼ਾਤੀ ਸਬੰਧ ਹੀ ਨਹੀਂ ਰੱਖਦੀ ; ਬਲਕਿ ਸਿੱਖ ਕੌਮ ਕੋਲੋਂ ਇਸਦਾ ਨਿਧੜਕ ਜਰਨੈਲ ਖੋਹਕੇ ਇਸ ਨੂੰ ਹੋਰ ਲੰਬਾ ਸਮਾ ਗੁਲਾਮ ਬਣਾਈ ਰੱਖਣ ਦੀ ਸਾਜ਼ਿਸ਼ ਹੈ ਤੇ ਸਮੁੱਚੇ ਖਾਲਸਾ ਪੰਥ ਨਾਲ ਨਾ ਮੁਆਫ ਕੀਤੇ ਜਾਣ ਵਾਲਾ ਧਰੋਹ ਹੈ। ਅਕਾਲੀ ਦਲ ਦੇ ਪ੍ਰਧਾਨ ਵਲੋਂ ਇਕ-ਤਰਫ਼ੀ ਇਕ ਫਰਜ਼ੀ ਕਮੇਟੀ ਬਣਾ ਕੇ ਸਾਜ਼ਸ਼ੀ ਗੁਰਚਰਨ ਸਿੰਘ

ਸਕੱਤਰ ਦਾ ਪੱਖ ਪੂਰਿਆ ਜਾਣਾ ਬਹੁਤ ਹੀ ਸ਼ਰਮਨਾਕ ਅਤੇ ਜ਼ਲੀਲ ਘਟਨਾ ਹੈ। ਸੰਤ ਲੌਂਗੋਵਾਲ ਸਮੁੱਚੇ ਪੰਥ ਨਾਲ ਕੀਤੀ ਗਈ ਇਸ ਸਾਜ਼ਿਸ਼ ਵਿਚ ਭਾਈਵਾਲ ਪੰਥ ਦੇ ਗ਼ਦਾਰਾਂ ਨੂੰ ਸਮੁੰਦਰੀ ਹਾਲ ਵਿਚ ਪਨਾਹ ਦੇ ਕੇ ਇਕ ਪਾਸੇ ਉਹਨਾਂ ਦੀ ਪਿੱਠ ਪੂਰ ਰਹੇ ਹਨ ਅਤੇ ਦੂਜੇ ਪਾਸੇ ਉਹਨਾਂ ਨੂੰ ਬਚਾਉਣ ਵਾਸਤੇ ਪੰਥਕ ਏਕਤਾ ਅਤੇ ਦਰਬਾਰ ਸਾਹਿਬ ਦੀ ਪਵਿੱਤਰਤਾ ਦੇ ਨਾਂ ਤੇ ਵਾਵੇਲਾ ਕਰ ਰਹੇ ਹਨ। ਜੋ ਅਤਿਅੰਤ ਦੁਖਦਾਈ ਅਤੇ ਪੰਥ ਲਈ ਘਾਤਕ ਹਨ। ਤੱਥ ਸਪਸ਼ਟ ਕਰਦੇ ਹਨ ਕਿ ਪੰਥ ਵਿਚ ਨਜ਼ਰ ਆ ਰਹੀ ਫੁਟ ਦੀ ਜ਼ੁਮੇਂਵਾਰੀ ਨਾ ਤਾਂ ਸੰਤ ਜਰਨੈਲ ਸਿੰਘ ਸਿਰ ਹੈ ਅਤੇ ਨਾ ਹੀ ਹੋਰ ਸਿੱਖ ਜਥੇਬੰਦੀਆਂ ਸਿਰ ਹੈ ਜੋ ਪੂਰੀ ਸੰਜੀਦਗੀ ਅਤੇ ਈਮਾਨਦਾਰੀ ਨਾਲ ਪੰਥਕ ਮੋਰਚੇ ਵਿਚ ਵੱਧ ਚੜ੍ਹ ਕੇ ਕੁਰਬਾਨੀਆ ਕਰ ਰਹੇ ਹਨ ਬਲਕਿ ਇਸ ਦੀ ਸਾਰੀ ਜ਼ੁਮੇਂਵਾਰੀ ਅਕਾਲੀ ਦਲ ਦੀ ਲੀਡਰਸ਼ਿਪ ਜ਼ੁੰਮੇ ਹੈ। ਜੋ ਨਾ ਸਪਸ਼ਟ ਨਿਸ਼ਾਨਾ, ਨਾ ਹੀ ਸਪਸ਼ਟ ਦੁਸ਼ਮਣ ਅਤੇ ਸ਼ੁੱਧ ਨੀਤੀ ਮਿੱਥਦੀ ਹੈ ਅਤੇ ਸਿੱਖ ਕੌਮ ਵਿਚ "ਰਾਜ ਕਰੇਗਾ ਖਾਲਸਾ" ਤੇ "ਸ਼ਤ੍ਰਨ ਕੇ ਅਧੀਨ ਹੈ ਰਾਜ" ਦੇ ਸੰਕਲਪ ਨਾਲੋਂ ਟੁੱਟ ਕੇ ਸਿੱਖ ਸਿਧਾਂਤ ਨੂੰ ਤਰੋੜ ਮਰੋੜ ਕੇ ਪੇਸ਼ ਕਰਕੇ ਸਿੱਖ ਦੁਸ਼ਮਣ ਤਾਕਤਾਂ ਨਾਲ ਗਲਵਕੜੀ ਪਾ ਕੇ ਸਮੁੱਚੀ ਸਿੱਖ ਕੌਮ ਵਿਚ ਭੁਲੇਖੇ ਪਾ ਕੇ ਕੌਮ ਨੂੰ ਫੁਟ ਦਾ ਸ਼ਿਕਾਰ ਕਰ ਰਹੀ ਹੈ।

**ਦੂਸਰਾ** ਮੁਢਲਾ ਫ਼ਰਕ ਹੈ ਮੋਰਚੇ ਦੇ ਨਿਸ਼ਾਨੇ ਬਾਰੇ ਜਦੋਂ ਕਿ ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ ਕਹਿੰਦੇ ਹਨ ਕਿ ਇਹ ਮੋਰਚਾ ਸਿੱਖਾਂ ਦਾ ਹੈ ਅਤੇ ਖਾਲਸਾ ਜੀ ਦੀ ਵਿਲੱਖਣ ਅਤੇ ਆਜ਼ਾਦ ਹੋਂਦ ਲਈ "ਸ੍ਰੀ ਅਨੰਦਪੁਰ ਸਾਹਿਬ ਦੇ ਮਤੇ" ਦੀ ਪ੍ਰਾਪਤੀ ਲਈ ਲੜਿਆ ਜਾ ਰਿਹਾ ਹੈ ਜਿਸ ਦੀ ਪ੍ਰਾਪਤੀ ਮੰਗਿਆਂ ਨਹੀਂ ਬਲਕਿ ਗੁਰ ਆਸ਼ੇ ਅਨੁਸਾਰ "ਨਿਜ ਬਲ" ਨਾਲ ਹੋਣੀ ਹੈ। ਦੂਜੇ ਪਾਸੇ ਅਨੰਦਪੁਰ ਦੇ ਮਤੇ ਦੇ ਦਾਅਵੇਦਾਰ ਅਕਾਲੀ ਲੀਡਰ ਅਨੰਦਪੁਰ ਸਾਹਿਬ ਦੇ ਮਤੇ ਦੇ ਰਾਜਸੀ ਨਿਸ਼ਾਨੇ ਨਾਲੋਂ ਆਪ ਨਿਖੜ ਕੇ ਅਤੇ ਸਿੱਖ ਕੌਮ ਨੂੰ ਇਸ ਨੂੰ ਨਿਖੇੜਨ ਦੀ ਕੋਸ਼ਿਸ਼ ਕਰਕੇ ਧਰਮ ਯੁੱਧ ਮੋਰਚੇ ਨੂੰ ਕੁਝ ਇਕ ਮੰਗ ਤੱਕ ਹੀ ਸੀਮਤ ਕਰ ਰਹੇ ਹਨ ਅਤੇ ਸਿੱਖ ਕੌਮ ਦੀ ਲੜਾਈ ਲੜਨ ਦੀ ਥਾਂ ਸਿੱਖ ਹੱਕ ਛੱਡ ਕੇ ਸਿੱਖ ਦੁਸ਼ਮਣ ਤਾਕਤਾਂ ਨਾਲ ਭਾਈਵਾਲ ਹੋ ਕੇ ਹਿੰਦੋਸਤਾਨ ਦਾ ਠੇਕਾ ਚੁੱਕੀ ਫਿਰਦੇ ਹਨ।

ਇਸ ਸਬੰਧ ਵਿੱਚ ਦਿਨੋਂ ਦਿਨ ਵੱਧ ਰਹੇ ਫ਼ਰਕ ਨੂੰ ਸਮਝ ਕੇ ਅਤੇ ਸਿੱਖ ਕੌਮ ਵਿੱਚ ਪਾਏ ਜਾ ਰਹੇ ਭੁਲੇਖਿਆਂ ਨੂੰ ਦੂਰ ਕਰਨ ਲਈ ਕੁਝ ਸਮਾਂ ਪਹਿਲਾਂ ਇਕ ਪੱਤਰ ਜੱਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਜੀ ਨੂੰ ਲਿਖ ਕੇ ਬੇਨਤੀ ਕੀਤੀ ਗਈ ਸੀ ਅਤੇ ਸਮੇਂ ਸਮੇਂ ਹਾਲਾਤ ਤੋਂ ਜਾਣੂ ਭੀ ਕਰਵਾਉਂਦੇ ਰਹੇ ਹਾਂ। ਪਰ ਬਦਕਿਸਮਤੀ ਨਾਲ ਇਹ ਮਸਲਾ ਜਥੇਦਾਰ ਜੀ ਦੀ ਜ਼ਰੂਰੀ ਤਵੱਜੋਂ ਨਹੀਂ ਲੈ ਸਕਿਆ ਅਤੇ ਅੱਜ ਦੀ ਸਿਖਰ ਤੇ ਪਹੁੰਚੀ ਇਹ ਸਾਰੀ ਆਪਸੀ ਖਿੱਚੋਤਾਣ ਇਸੇ ਦਾ ਹੀ ਨਤੀਜਾ ਹੈ। ਪੰਥਕ ਲੜਾਈ ਦੇ ਇਸ ਨਾਜ਼ੁਕ ਦੌਰ ਸਮੇਂ ਨਜ਼ਰ ਆ ਰਹੀ ਫੁਟ ਨਿਸ਼ਾਨੇ ਦੀ ਅਸਪਸ਼ਟਤਾ ਅਤੇ ਅਕਾਲੀ ਲੀਡਰਸ਼ਿਪ ਵਲੋਂ ਸਿਖ ਸਿਧਾਂਤ ਵਿਚ ਕੀਤੀ ਗਈ ਮਿਲਾਵਟ ਕਰਕੇ ਹੈ। ਸਿੱਖ ਸਿਧਾਂਤ ਅਤੇ ਸਿਖ ਤੱਥਾਂ ਦੀ ਰੋਸ਼ਨੀ ਵਿਚ ਗਲਤ ਅਤੇ ਠੀਕ ਨੂੰ ਨਿਖੇੜਿਆ ਜਾਣਾ ਜ਼ਰੂਰੀ ਹੈ। ਸੋ ਆਪ ਜੀ ਵਲੋਂ ਦੋ ਮੱਤਾਂ ਦਾ ਸਿੱਖੀ ਸਿਧਾਂਤ ਅਨੁਸਾਰ ਨਿਪਟਾਰਾ ਹੀ ਇਸ ਫੁੱਟ ਨੂੰ ਖਤਮ ਕਰ ਸਕਦਾ ਹੈ। ਜਦੋਂ ਕਿ ਖਾਲਸਾ ਪੰਥ ਦੀ ਵਿਲੱਖਣਤਾ ਕਾਇਮ ਰੱਖਣ ਅਤੇ ਆਜ਼ਾਦ ਹੋਂਦ ਦੀ ਪ੍ਰਾਪਤੀ ਕਈ ਹਥਿਆਰਬੰਦ ਘੋਲ ਸਿੱਖ ਸਿਧਾਂਤ ਦੇ ਅਨੁਕੂਲ ਹੈ ਅਤੇ ਇਹ ਧਰਮ ਯੁੱਧ ਮੋਰਚਾ, ਖਾਲਸਾ ਜੀ ਦੇ ਬੋਲ ਬਾਲੇ ਤੇ "ਰਾਜ ਕਰੇਗਾ ਖਾਲਸਾ" ਦੇ ਸੰਕਲਪ ਨਾਲ ਬੱਝਾ ਹੋਇਆ ਹੈ। ਪੰਥ ਦੁਸ਼ਮਣ ਤਾਕਤਾਂ ਨਾਲ ਸਾਂਝਾ ਮੋਰਚਾ ਸਾਂਝੀਆਂ ਮੰਗਾਂ ਅਤੇ ਇਕ ਵਖਰੀ ਗੁਲਾਮ ਧਾਰਮਕ ਸੰਪਰਦਾਇ ਵਜੋਂ

ਮ ਨਤਾ ਲੈਣ ਲਈ ਸ਼ਾਂਤਮਈ ਸਤਿਆਗ੍ਰਹਿ ਕੁੱਟਖਾ ਢੰਗ ਤਰੀਕਿਆਂ ਨਾਲ ਲੜਿਆ ਜਾਣਾ ਸਿਧਾਂਤ ਦੇ ਲਟ ਹੈ ਅਤੇ। ਦੂਸਰਾ ' ਨਿਸਚੈ ਹੀ ਸਵਾ ਲਾਖ ਸੇ ਏਕ ਲੜਾਊਂ'' ਦਾ ਸੰਕਲਪ ਸ੍ਰੀ ਸਾਹਿਬ ਮਿਆਨ ਵਿਚ ਰੱਖਕੇ ਸ਼ਾਂਤ-ਚਿਤ ਕੇ ਰਣ ਵਿਚ ਜੂਝਣ ਦਾ ਸੰਕਲਪ ਹੈ ਨਾ ਕਿ ਮੈਦਾਨੇ ਜੰਗ ਵਿਚ ਸ੍ਰੀ ਸਾਹਿਬ ਮਿਆਨ ਵਿਚ ਰੱਖਕੇ ਸ਼ਾਂਤ-ਮਈ ਦੇ ਨਾਂ ਤੇ ਕੁੱਟ ਖਾਣ ਤੇ ਜ਼ਲੀਲ ਹੋਣ ਦਾ। ਇਸ ਲਈ ਹਥਿਆਰਬੰਦ ਲੜਾਈ ਅਤੇ ਗੁਰੀਲਾ ਯੁੱਧ ਨੀਤੀ ਖ ਸਿਧਾਂਤ ਅਤੇ ਸਿੱਖ ਪ੍ਰੰਪਰਾਵਾਂ ਦੇ ਅਨੁਕੂਲ ਹੈ ਨਾਂ ਕਿ ਮਹਾਤਮਾ ਗਾਂਧੀ ਦੇ ਅਸਰ ਥੱਲੇ ਕਬੂਲਿਆ ਗਿਆ ਤਮਈ ਸਤਿਆ-ਗ੍ਰਹਿ।

ਬੇਸ਼ਕ ਪੰਥ ਵਿਚ ਏਕਤਾ ਅਤਿ ਜ਼ਰੂਰੀ ਹੈ ਪਰ ਪੰਥਕ ਏਕਤਾ ਦੇ ਨਾਂ ਤੇ ਸਿਖ ਸਿਧਾਂਤ ਵਿਚ ਮਿਲਾਵਟ ਹਰਗਿਜ਼ ਨਹੀਂ ਕੀਤੀ ਜਾ ਸਕਦੀ ਭਾਵੇਂ ਅਜਿਹਾ ਕਿਸੇ ਵੀ ਵੱਡੀ ਤੋਂ ਵੱਡੀ ਜਥੇਬੰਦੀ ਧਾਰਮਿਕ ਜਾਂ ਸਿਆਸੀ ਸ਼ਖਸੀਅਤ ਵਲੋਂ ਕਿਉਂ ਨਾ ਕੀਤਾ ਜਾਵੇ, ਕਿਉਂਕਿ ਗੁਰਮਤ ਅਨੁਸਾਰ ਸਿੱਖ ਸਿਧਾਂਤ ਵਿਚ ਰਾਈ ਭਰ ਮਿਲਾਵਟ ਵੀ ਬਰਦਾਸ਼ਤ ਨਹੀਂ ਕੀਤੀ ਗਈ। ਮਿੱਟੀ ਮੁਸਲਮਾਨ ਦੀ ਨੂੰ ''ਮਿੱਟੀ ਬੇਈਮਾਨ'' ਦੀ ਕਹਿਣ ਤੇ ਸਤਿਗੁਰਾਂ ਨੇ ਆਪਣਾ ਪੁੱਤਰ ਤਿਆਗ ਦਿਤਾ ਸੀ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਮਸੰਦਾਂ ਨੂੰ ਜੀਉਂਦੇ ਦਿਤਾ ਸੀ ਤਾਂ ਜੋ ਮੁੜ ਕੋਈ ਸਿੱਖ ਸਿਧਾਂਤ ਵਿਚ ਮਿਲਾਵਟ ਕਰਨ ਜਾਂ ਮਨਮਤ ਅਨੁਸਾਰ ਇਸਨੂੰ ਤ ਮਰੋੜਨ ਦਾ ਹੀਆ ਨਾ ਕਰ ਸਕੇ। ਕਿਉਂ ਜੋ ਸਿਖ ਰਹਿਤ ਮਰਿਯਾਦਾ ਦੀ ਕਸਵੱਟੀ ਸਿਖ ਸਿਧਾਂਤ ਹੀ ਹੈ ਸਿਧਾਂਤ ਦੀ ਮਿਲਾਵਟ ਰਹਿਤ ਹੀ ਬਦਲ ਦੇਂਦੀ ਹੈ। ਇਸੇ ਲਈ ਗੁਰੂ ਸਾਹਿਬਾਨ ਨੇ ਫੁਰਮਾਇਆ ਸੀ ਹਤ ਪਿਆਰੀ ਮੋਹਿ ਕੋ ਸਿੱਖ ਪਿਆਰਾ ਨਾਹਿ'' ਤੇ

ਜਬ ਲਗ ਖਾਲਸਾ ਰਹੇ ਨਿਆਰਾ।  
ਤਬ ਲਗ ਤੇਜ ਦਿਉ ਮੈਂ ਸਾਰਾ।  
ਜਬ ਇਹ ਗਹੇ ਬਿਪਰਨ ਕੀ ਰੀਤ।  
ਮੈਂ ਨਾ ਕਰੂੰ ਇਨ ਕੀ ਪਰਤੀਤ।

ਦਸ਼ਮੇਸ਼ ਪਿਤਾ ਨੇ ਸਿੰਘਾਂ ਨੂੰ ਸਿੱਖੀ ਸਿਧਾਂਤ ਤੇ ਬੜੀ ਦ੍ਰਿੜਤਾ ਅਤੇ ਸਖਤਾਈ ਨਾਲ ਪਹਿਰਾ ਦੇਣ ਦੀ ਸਿਖਿਆ ਦਿਤੀ ਹੈ ਅਤੇ ਸਿਖਾਂ ਦੀ ਸਿਖ ਸਿਧਾਂਤ ਪ੍ਰਤੀ ਸੁਚੇਤਤਾ ਅਤੇ ਦ੍ਰਿੜਤਾ ਪਰਖਣ ਲਈ ਇਕ ਪੀਰ ਦੀ ਦੀ ਕਬਰ ਨੂੰ ਤੀਰ ਨਾਲ ਸਜਦਾ ਕਰ ਕੇ ਸਿੱਖਾਂ ਦੇ ਇਤਰਾਜ਼ ਕਰਨ ਤੇ ਆਪ ਤਨਖਾਹ ਲਵਾਈ ਸੀ। ਜਿਸ ਤੋਂ ਇਹ ਗੱਲ ਸਪਸ਼ਟ ਹੈ ਕਿ ਗੁਰ-ਇਤਿਹਾਸ ਵਿਚ ਸਿਖ ਸਿਧਾਂਤ ਨਾਲੋਂ ਟੁਟਕੇ ਕੋਈ ਵੀ ਫੈਸਲਾ ਅਤੇ ਢੰਗ ਤਰੀਕਾ ਸਿਖ ਕੌਮ ਨੂੰ ਪ੍ਰਵਾਨ ਨਹੀਂ ਰਿਹਾ ਅਤੇ ਨਾ ਹੀ ਠੋਸਿਆ ਜਾ ਸਕਦਾ ਹੈ।

ਪੁਰਾਤਨ ਸਮਿਆਂ ਵਿਚ ਕਈ ਕਈ ਮਿਸਲਾਂ ਅਤੇ ਕਿੰਨੀਆਂ ਹੀ ਸਿਖ ਜਥੇਬੰਦੀਆਂ ਦੇ ਹੁੰਦਿਆਂ ਸਿੱਖ ਸਿਧਾਂਤ ਦੀ ਰੋਸ਼ਨੀ ਵਿੱਚ ਇਕ ਮੱਤ ਹੋ ਕੇ ਗੁਰਮਤੇ ਹੁੰਦੇ ਰਹੇ ਹਨ। ਜਿੰਨਾਂ ਚਿਰ ਆਪ ਜੀ ਧਰਮ ਯੁੱਧ ਮੋਰਚੇ ਦਾ ਨਿਸ਼ਾਨਾ ਅਤੇ ਯੁੱਧ ਨੀਤੀ ਸਿੱਖ ਸਿਧਾਂਤ ਦੀ ਕਸਵੱਟੀ ਤੇ ਸਪੱਸ਼ਟ ਨਾ ਕਰੋਗੇ, ਭੁਲੇਖੇ ਪੈਂਦੇ ਰਹਿਣਗੇ ਅਤੇ ਪੰਥ ਫੁਟ ਦਾ ਸ਼ਿਕਾਰ ਹੁੰਦਾ ਰਹੇਗਾ। ਕੇਵਲ ਅਤੇ ਕੇਵਲ ਇਹਨਾਂ ਪੱਖਾਂ ਤੇ ਸਿਧਾਂਤਕ ਸੇਧ ਹੀ ਪੰਥਕ ਏਕਤਾ ਰੱਖਣ ਵਿੱਚ ਸਹਾਈ ਹੋ ਸਕਦੀ ਹੈ ਅਤੇ ਸਿੱਖ ਕੌਮ ਵਿੱਚ ਵਧ ਰਹੀ ਫੁੱਟ ਨੂੰ ਰੋਕ ਸਕਦੀ ਹੈ।

ਆਪ ਜੀ ਨੇ ਜੋ ਦਰਬਾਰ ਸਾਹਿਬ ਜੀ ਦੀ ਪਵਿੱਤਰਤਾ ਕਾਇਮ ਰੱਖਣ ਲਈ ਕੰਪਲੈਕਸ ਵਿਚ ਕਿਸੇ ਕਿਸਮ ਦੀ ਫਾਇਰਿੰਗ ਅਤੇ ਕਤਲ ਨਾ ਕੀਤੇ ਜਾਣ ਬਾਰੇ ਵਿਚਾਰ ਪ੍ਰਗਟ ਕੀਤੇ ਹਨ। ਇਹ ਗੱਲਾਂ ਅੱਜ ਦੇ ਹਾਲਾਤ ਮੁਤਾਬਕ ਵੇਖਣ ਨੂੰ ਤਾਂ ਠੀਕ ਲਗਦੀਆਂ ਹਨ ਪਰ ਵਿਚਾਰਨ ਵਾਲੀ ਗੱਲ ਇਹ ਹੈ ਕਿ ਕੀ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੇ ਸਮੇਂ ਤੋਂ ਬਾਅਦ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹਜ਼ੂਰ ਅਤੇ ਸ੍ਰੀ ਦਰਬਾਰ ਸਾਹਿਬ ਜੀ ਦੇ ਪਵਿੱਤਰ ਵਾਤਾਵਰਨ ਵਿਚ ਸੂਰਬੀਰ ਸਿੱਖਾਂ ਅਤੇ ਸਿੰਘਾਂ ਨੂੰ ਸ਼ਸਤਰ ਵਿਦਿਆ ਨਹੀਂ ਦਿੱਤੀ ਜਾਂਦੀ ਰਹੀ ? ਜੇ ਸਿੰਘਾਂ ਕੋਲ ਅੱਜ ਦੇ ਨਵੀਨ ਹਥਿਆਰ ਹੋਣੇ ਜ਼ਰੂਰੀ ਹਨ ਤਾਂ ਉਹਨਾਂ ਦੀ ਟਰੇਨਿੰਗ ਭੀ ਲਾਜ਼ਮੀ ਬਣਦੀ ਹੈ ਅਤੇ ਮੌਜੂਦਾ ਸਮੇਂ ਜਦੋਂ ਕਿ ਸਿੱਖ ਦੁਸ਼ਮਣ ਫੌਜਾਂ ਨੇ ਦਰਬਾਰ ਸਾਹਿਬ ਨੂੰ ਚਾਰੇ ਪਾਸੇ ਤੋਂ ਘੇਰ ਰੱਖਿਆ ਹੈ ਤਾਂ ਖਾਲਸਾ ਜੀ ਨੂੰ ਸ੍ਰੀ ਦਰਬਾਰ ਸਾਹਿਬ ਦੀ ਹਿਫਾਜ਼ਤ ਵਾਸਤੇ ਆਪਣੇ ਸ਼ਾਸਤਰ ਅਤੇ ਅਸਲੇ ਦੀ ਪਰਖ ਲਈ ਅਤੇ ਸ਼ਸਤਰ ਵਿਦਿਆ ਦੀ ਸਿਖਲਾਈ ਅਤਿ ਜ਼ਰੂਰੀ ਹੈ। ਇਸ ਅਭਿਆਸ ਤੇ ਪਾਬੰਦੀ ਲਾਉਣ ਦੀ ਗੱਲ ਸਿੱਖੀ ਪ੍ਰੰਪਰਾਵਾਂ ਦੇ ਨ ਸਿਰਫ ਉਲਟ ਹੀ ਹੋਵੇਗੀ ਬਲਕਿ ਆਉਣ ਵਾਲੀਆਂ ਪੀੜ੍ਹੀਆਂ ਨੂੰ ਭੁਲੇਖਿਆਂ ਵਿਚ ਪਾਵੇਗੀ, ਖਾਹਮਖਾਹ ਵਾਦ-ਵਿਵਾਦ ਦਾ ਕਾਰਣ ਬਣ ਕੇ ਸਿੱਖ ਕੌਮ ਨੂੰ ਕਮਜ਼ੋਰ ਤਾਂ ਕਰੇਗੀ ਹੀ, ਸਿੱਖ ਦੁਸ਼ਮਣ ਤਾਕਤਾਂ ਨੂੰ ਵੀ ਸ਼ਹਿ ਦੇਵੇਗੀ।

ਦਾਸ ਇਸ ਗੱਲ ਨਾਲ ਸਹਿਮਤ ਹੈ ਕਿ ਇਸ ਵਾਤਾਵਰਣ ਵਿਚ ਛੋਟੀ ਕੀਤਿਆਂ ਮਨੁੱਖੀ ਖੂਨ ਨਾ ਡੋਲ੍ਹਿਆ ਜਾਵੇ ਪਰ ਸਮੇਂ ਸਮੇਂ ਜੇ ਕੋਈ ਮੱਸਾ ਰੰਘੜ ਜਾਂ ਮਸੰਦ ਇਸ ਪਵਿੱਤਰ ਅਸਥਾਨ ਦੀ ਪਵਿੱਤਰਤਾ ਭੰਗ ਕਰਨ ਤੇ ਬਜ਼ਿਦ ਰਹੇ ਤਾਂ ਉਹਨੂੰ ਸੋਧਣਾ ਸਿੱਖੀ ਪ੍ਰੰਪਰਾਵਾਂ ਦੇ ਅਨੁਕੂਲ ਸੀ ਅਤੇ ਰਹੇਗਾ।

ਜੋ ਆਪ ਜੀ ਨੇ ਆਪਸੀ ਭਿੰਨ-ਭੇਦ ਮਿਟਾ ਕੇ ਪੰਥ ਦੀ ਵਾਹਿਦ ਨੁਮਾਇੰਦਾ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਦੀ ਡੱਟ ਕੇ ਹਮਾਇਤ ਕਰਨ ਦੀ ਗੱਲ ਕੀਤੀ ਹੈ, ਮੈਂ ਇਥੇ ਸਪਸ਼ਟ ਕਰ ਦੇਣਾ ਜ਼ਰੂਰੀ ਸਮਝਦਾ ਹਾਂ ਕਿ ਇਹ ਧਰਮ ਯੁੱਧ ਮੋਰਚਾ ਸਰਬੱਤ ਖਾਲਸਾ ਪੰਥ ਦਾ ਸਾਂਝਾ ਮੋਰਚਾ ਹੈ ਜਿਸ ਵਿਚ ਦਮਦਮੀ ਟਕਸਾਲ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ), ਸ਼੍ਰੋਮਣੀ ਅਕਾਲੀ ਦਲ (ਸੁਖਜਿੰਦਰ ਸਿੰਘ), ਸ਼੍ਰੋਮਣੀ ਅਕਾਲੀ ਦਲ (ਤਲਵੰਡੀ), ਸਿੱਖ ਸਟੂਡੈਂਟਸ ਫੈਡਰੇਸ਼ਨ, ਦਲ ਖਾਲਸਾ, ਅਖੰਡ ਕੀਰਤਨੀ ਜਥਾ, ਬਬਰ ਖਾਲਸਾ, ਨੈਸ਼ਨਲ ਕੌਂਸਲ ਆਫ਼ ਖਾਲਿਸਤਾਨ, ਦਸਮੇਸ਼ ਰੈਜਮੈਂਟ, ਅਕਾਲ ਫੈਡਰੇਸ਼ਨ ਅਤੇ ਸਮੂਹ ਸਿੱਖ ਸੰਪਰਦਾਵਾਂ ਵੱਧ ਚੜ੍ਹ ਕੇ ਸਰਗਰਮ ਹਿੱਸਾ ਪਾ ਰਹੇ ਹਨ ਤੇ ਵੱਧ ਚੜ੍ਹ ਕੇ ਕੁਰਬਾਨੀਆਂ ਕਰ ਰਹੇ ਹਨ। ਸਮੇਂ ਸਮੇਂ ਵੱਖੋ ਵੱਖ ਜਥੇਬੰਦੀਆਂ ਸਮੇਂ ਦੀ ਲੋੜ ਮੁਤਾਬਿਕ ਹੋਂਦ ਵਿਚ ਆਉਂਦੀਆਂ ਰਹੀਆਂ ਹਨ ਅਤੇ ਖਾਲਸਾ ਪੰਥ ਦੇ ਫੈਸਲੇ ਮੁਤਾਬਕ ਬਦਲਦੀਆਂ ਰਹੀਆਂ ਹਨ। ਖਾਲਸਾ ਪੰਥ ਦੀ ਸਾਜਨਾ ਤੋਂ ਖਾਲਸਾ ਪੰਥ ਦੀ ਨੁਮਾਇੰਦਗੀ ਖਾਲਸਾ ਪੰਥ ਨੂੰ ਹੀ ਸੌਂਪੀ ਗਈ ਸੀ। ਆਪ ਜੀ ਵਲੋਂ ਸਿੱਖ ਸਿਧਾਂਤ ਦੀ ਰੌਸ਼ਨੀ ਵਿਚ ਸਮੂਹ ਜੱਥੇਬੰਦੀਆਂ ਨੂੰ ਸਿਧਾਂਤਕ ਸੇਧ ਦੇਣਾ ਬਹੁਤ ਹੀ ਉਚਿੱਤ ਹੋਵੇਗਾ ਪਰ ਸਾਰੀਆਂ ਜੱਥੇਬੰਦੀਆਂ ਨੂੰ ਇਕ ਜੱਥੇਬੰਦੀ ਦੇ "ਪਾਲਿਸੀ ਪ੍ਰੋਗਰਾਮ" ਨਾਲ ਬੰਨ੍ਹਣਾ ਨਹੀਂ।

ਦਾਸ ਦੀ ਆਪ ਜੀ ਨੂੰ ਸਿੱਖ ਸਿਧਾਂਤ ਤੇ ਪੁਰਾਤਨ ਸਿੱਖ ਪਰੰਪਰਾਵਾਂ ਦੀ ਰੌਸ਼ਨੀ ਵਿਚ ਸਨਿਮਰ ਬੇਨਤੀ ਹੈ:—

1, ਮੌਜੂਦਾ ਪੰਥਕ ਸੰਕਟ ਲਈ ਜ਼ਿੰਮੇਵਾਰ ਪੰਥ ਦੇ ਗੱਦਾਰ ਸਾਜ਼ਸ਼ੀ ਗੁਰਚਰਨ ਸਿੰਘ ਸਕੱਤਰ ਨੂੰ ਸਿੱਖ ਕੌਮ ਦਾ ਗੱਦਾਰ ਗਰਦਾਨ ਕੇ ਸਿੱਖ ਪੰਥ ਵਿਚੋਂ ਖਾਰਜ ਕੀਤਾ ਜਾਵੇ ਅਤੇ ਉਸਦੇ ਸਾਥੀਆਂ ਅਤੇ

ਸਰਪ੍ਰਸਤਾਂ ਨੂੰ ਵੀ ਉਚਿਤ ਸਜ਼ਾ ਦਿਤੀ ਜਾਵੇ।

2. ਪੰਥਕ ਧਰਮ ਯੁੱਧ ਮੋਰਚੇ ਦਾ ਨਿਸ਼ਾਨਾ ਅਤੇ ਯੁੱਧ ਨੀਤੀ ਸਿੱਖ ਸਿਧਾਂਤ ਅਤੇ ਪੰਥਕ ਰਵਾਇਤਾਂ ਅਨੁਸਾਰ ਸਪਸ਼ਟ ਕਰਕੇ ਪੰਥ ਵਿਚ ਪਏ ਭੁਲੇਖੇ ਦੂਰ ਕੀਤੇ ਜਾਣ।

3. ਮਨਮਤ ਦੇ ਡਿਕਟੇਟਰੀ ਦੇ ਸੰਕਲਪ ਨੂੰ ਛੱਡਕੇ ਸ੍ਰੀ ਅਕਾਲ ਤਖਤ ਸਾਹਿਬ ਤੇ ਸਰਬੱਤ ਖਾਲਸੇ ਦੇ ਇਕੱਠ ਦੇ ਗੁਰਮਤੇ ਦੀਆਂ ਪਰੰਪਰਾਵਾਂ ਅਨੁਸਾਰ ਧਰਮ-ਯੁਧ ਮੋਰਚੇ ਦਾ ਸੰਚਾਲਨ ਕੀਤਾ ਜਾਵੇ।

4. ਸੰਤ ਹਰਚੰਦ ਸਿੰਘ ਲੌਂਗੋਵਾਲ ਵਲੋਂ ਅਕਾਲੀ ਦਲ ਦੇ ਪਾਲਿਸੀ ਪ੍ਰੋਗਰਾਮ ਦੇ ਨਾ ਤੇ ਕੇਵਲ ਸ਼ਾਂਤਮਈ ਜਦੋ-ਜਹਿਦ ਸਿੱਖ ਪਰੰਪਰਾਵਾਂ ਅਨੁਸਾਰ ਦੱਸਕੇ ਹਥਿਆਰਬੰਦ ਗੁਰੀਲਾ ਯੁੱਧ ਨੀਤੀ ਨੂੰ ਸਿੱਖ ਪਰੰਪਰਾਵਾਂ ਦੇ ਉਲਟ ਅਤੇ ਪੰਥ ਦੇ ਯੋਧਿਆਂ ਨੂੰ ਨਾ ਅਪਣਾ ਕੇ ਸਰਕਾਰ ਦੀ ਪੰਥ–ਮਾਰੂ ਨੀਤੀ ਨੂੰ ਉਤਸ਼ਾਹਤ ਕਰਨ ਦੀ ਖਤਰਨਾਕ ਰੁਚੀ ਨੂੰ ਸਖਤੀ ਨਾਲ ਰੋਕਿਆ ਜਾਵੇ ਅਤੇ ਸਿੱਖ ਸਿਧਾਂਤ ਵਿਚ ਮਿਲਾਵਟ ਕਰਨ ਦੇ ਦੋਸ਼ ਵਿਚ ਉਚਿਤ ਸਜ਼ਾ ਦਿਤੀ ਜਾਵੇ ਤਾਂ ਕਿ ਆਉਣ ਵਾਲੇ ਸਮੇਂ ਵਿਚ ਕਿਸੇ ਨੂੰ ਵੀ ਅਜਿਹਾ ਕਰਨ ਦਾ ਹੀਆ ਨਾ ਪਵੇ ਤੇ ਪੰਥ ਵਿਚ ਕਿਸੇ ਕਿਸਮ ਦੇ ਭੁਲੇਖੇ ਪੈਦਾ ਨਾ ਹੋਣ।

ਗੁਰੂ ਪੰਥ ਦਾ ਦਾਸ :–

**ਭਾਈ ਕੰਵਰ ਸਿੰਘ**

ਕਨਵੀਨਰ

**ਅਕਾਲ ਫੈਡਰੇਸ਼ਨ, ਸ੍ਰੀ ਅੰਮ੍ਰਿਤਸਰ**

ਦੇਗ ਤੇਗ ਫਤਹਿ ! ਪੰਥ ਕੀ ਜੀਤ !

ੴ ਸਤਿਗੁਰ ਪ੍ਰਸਾਦਿ ॥

ਮਿਤੀ ੩੦-੪-੮੪ ਮੁਤਾਬਕ ੧੮ ਵੈਸਾਖ ਸੰਮਤ ਨਾਨਕਸ਼ਾਹੀ ੫੧੫, ਦਿਨ ਸੋਮਵਾਰ ਨੂੰ
ਸਿੰਘ ਸਾਹਿਬਾਨ ਵਲੋਂ ਅਪੀਲ ਦੇ ਨਾਂ ਤੇ ਜਾਰੀ ਕੀਤਾ ਗਿਆ ਹੁਕਮਨਾਮਾ

ਦਫ਼ਤਰ

# ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ ਜੀ

ਨੰ: .......... ਮਿਤੀ..... ..........

# ਸਿੰਘ ਸਾਹਿਬਾਨ ਵਲੋਂ ਅਪੀਲ

ਅਸੀਂ ਪਿਛਲੇ ਕੁਝ ਦਿਨਾਂ ਤੋਂ ਸ੍ਰੀ ਦਰਬਾਰ ਸਾਹਿਬ ਦੇ ਕੰਪਲੈਕਸ ਵਿੱਚ ਵਿਚਰ ਰਹੀਆਂ ਜੱਥੇਬੰਦੀਆਂ ਵਿੱਚ ਪਰਸਪਰ ਸਦਭਾਵਨਾ ਬਨਾਉਣ, ਮਾਹੌਲ ਸੁਖਾਵਾਂ ਕਰਨ ਅਤੇ ਪੰਥ ਦੀ ਚੜ੍ਹਦੀ ਕਲਾ ਲਈ ਏਕਤਾ ਕਰਨ ਲਈ ਵਿਚਾਰਾਂ ਕੀਤੀਆਂ ਹਨ। ਵਿਸ਼ੇਸ਼ ਕਰਕੇ ਧਰਮ ਯੁੱਧ ਮੋਰਚੇ ਦੇ ਡਿਕਟੇਟਰ ਸ੍ਰੀ ਮਾਨ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ, ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਸ੍ਰੀ ਮਾਨ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ, ਅਕਾਲੀ ਦਲ ਤਲਵੰਡੀ ਗਰੁਪ, ਅਖੰਡ ਕੀਰਤਨੀ ਜੱਥਾ, ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ, ਬੱਬਰ ਖਾਲਸਾ, ਯੂਥ ਵਿੰਗ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਆਦਿ ਆਦਿ... ... ਨੂੰ ਬੁਲਾ ਕੇ ਸੁਣਿਆ ਹੈ ਅਤੇ ਪਰਸਪਰ ਵਿਚਾਰਾਂ ਉਪਰੰਤ ਸਭ ਨੇ ਹੇਠ ਲਿਖੇ ਵਿਚਾਰਾਂ ਨਾਲ ਸੰਮਤੀ ਪਰਗਟ ਕੀਤੀ :-

(1) ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਦੇ ਕੰਪਲੈਕਸ ਦੇ ਅੰਦਰ ਕੋਈ ਵਿਅਕਤੀ ਆਪਣੇ ਵਲੋਂ ਕਿਸੇ ਸਮੇਂ ਵੀ ਫਾਇਰਿੰਗ ਨਾ ਕਰੇ।

(2) ਕਿਸੇ ਵਿਅਕਤੀ ਦੇ ਮਾਰਨ ਕੁੱਟਣ, ਤਸੀਹੇ ਦੇਣ ਤੇ ਤਸ਼ੱਦਦ ਕਰਨ ਤੋਂ ਹਰ ਵਿਅਕਤੀ ਨੂੰ ਸਖ਼ਤੀ ਨਾਲ ਰੋਕਿਆ ਜਾਵੇ।

(3) ਇਸ ਕੰਪਲੈਕਸ ਦੇ ਸਾਰੇ ਏਰੀਏ ਅੰਦਰ ਕਿਸੇ ਢੰਗ ਨਾਲ ਵੀ ਕਿਸੇ ਵਿਅਕਤੀ ਦੀ ਹੱਤਿਆ ਨਾ ਕੀਤੀ ਜਾਵੇ।

(4) ਇਕ ਦੂਜੇ ਵਿਰੁੱਧ ਬਿਆਨਬਾਜ਼ੀ ਬੰਦ ਕੀਤੀ ਜਾਵੇ। ਜਿਸ ਤੋਂ ਧੜੇਬੰਦੀ ਦਾ ਪ੍ਰਗਟਾਵਾ ਹੁੰਦਾ ਹੋਵੇ ਜਾਂ ਜਿਸ ਨਾਲ ਮਤਭੇਦ ਵੱਧਣ ਦਾ ਡਰ ਹੋਵੇ ਤੇ ਜੋ ਫੁੱਟ ਦਾ ਕਾਰਨ ਬਣੇ।

(5) ਐਸੇ ਉਪਾਉ ਕੀਤੇ ਜਾਣ ਜਿਸ ਨਾਲ ਪੰਥਕ ਜਥੇਬੰਦੀ ਨੂੰ ਸ਼ਕਤੀ ਮਿਲੇ ਅਤੇ ਖਾਲਸਾ ਪੰਥ ਦੀ ਚੜ੍ਹਦੀ ਕਲਾ ਹੋਵੇ।

(6) ਸ੍ਰੀ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਹਰ ਹਾਲਤ ਵਿਚ ਕਾਇਮ ਰੱਖੀ ਜਾਵੇ, ਹਮੇਸ਼ਾਂ ਲਈ ਕਦੀ ਕੋਈ ਮਾੜੀ ਘਟਨਾ ਨਾ ਵਾਪਰੇ, ਜਿਸ ਦਾ ਸੰਗਤਾਂ ਤੇ ਬੁਰਾ ਅਸਰ ਪੈਂਦਾ ਹੋਵੇ ਤੇ ਗੁਰ ਸੰਗਤਾਂ ਦੇ ਆਉਣ ਜਾਣ ਵਿਚ ਵਿਗਨ ਪੈਂਦਾ ਹੋਵੇ।

(7) ਸ਼੍ਰੋਮਣੀ ਅਕਾਲੀ ਦਲ ਵਲੋਂ ਚਲਾਏ ਜਾ ਰਹੇ ਧਰਮ ਯੁੱਧ ਮੋਰਚੇ ਵਿਚ ਸਾਰੀਆਂ ਸਿਖ ਜਥੇਬੰਦੀਆਂ ਨੂੰ ਆਪਣੇ ਮਤਭੇਦ ਭੁਲਾ ਕੇ ਵੱਧ ਚੜ੍ਹ ਕੇ ਡਟਵੀਂ ਮਦਦ ਕਰਨੀ ਚਾਹੀਦੀ ਹੈ, ਜਿਸ ਨਾਲ ਮੋਰਚੇ ਦੀ ਸਫਲਤਾ ਹੋਵੇ।

ਅਸੀਂ ਮਹਿਸੂਸ ਕਰਦੇ ਹਾਂ ਕਿ ਖਾਲਸਾ ਪੰਥ ਬੜੇ ਹੀ ਗੰਭੀਰ ਸੰਕਟ ਵਿਚੋਂ ਲੰਘ ਰਿਹਾ ਹੈ ਜਦ

ਕਿ ਪੰਥ ਆਪਣੀ ਅਡਰੀ ਹਸਤੀ ਦੀ ਕਾਇਮੀ ਅਤੇ ਗੁਰਧਾਮਾਂ ਦੀ ਪਵਿੱਤਰਤਾ ਅਤੇ ਆਪਣੇ ਹੱਕਾਂ ਤੇ ਅਧਿਕਾਰਾਂ ਦੀ ਪ੍ਰਾਪਤੀ ਲਈ ਲੰਬੇ ਸਮੇਂ ਤੋਂ ਧਰਮ ਯੁੱਧ ਲੜ ਰਿਹਾ ਹੈ। ਜਿਸ ਵਿਚ ਲੱਖਾਂ ਸਿੰਘਾਂ ਨੇ ਜੇਲ੍ਹਾਂ ਕਟੀਆਂ ਹਨ। ਹਜ਼ਾਰਾਂ ਜੇਲ੍ਹਾਂ ਵਿਚ ਬੈਠੇ ਹਨ ਅਤੇ ਸੈਂਕੜੇ ਹੀ ਸਿੰਘ ਆਪਣੀਆਂ ਜਾਨਾਂ ਕੁਰਬਾਨ ਕਰ ਗਏ ਹਨ ਅਤੇ ਅਜੇ ਭੀ ਜਬਰ ਤੇ ਜ਼ੁਲਮ ਦੇ ਬੱਦਲ ਸਾਡੀ ਮਾਣ ਮਰਯਾਦਾ ਅਤੇ ਹੋਂਦ ਨੂੰ ਖਤਮ ਕਰਨ ਲਈ ਮੰਡਲਾ ਰਹੇ ਹਨ।

ਅਜਿਹੀ ਹਾਲਤ ਵਿਚ ਸਮੇਂ ਦੀ ਵੱਡੀ ਲੋੜ ਪੰਥਕ ਏਕਤਾ ਨੂੰ ਮਜ਼ਬੂਤ ਕਰਨ ਅਤੇ ਧਰਮ ਯੁੱਧ ਮੋਰਚੇ ਦੀ ਸਫਲਤਾ ਲਈ ਉਦਮ ਕਰਨ ਦੀ ਹੈ। ਇਸ ਲਈ ਅਸੀਂ ਸ੍ਰੀ ਦਰਬਾਰ ਸਾਹਿਬ ਕਪਲੈਕਸ ਵਿੱਚ ਪਿਛਲੇ ਸਮੇਂ ਵਿਚ ਹੋਈਆਂ ਮੰਦਭਾਗੀਆਂ ਘਟਨਾਵਾਂ ਪੁਰ ਚਿੰਤਾ ਪਰਗਟ ਕਰਦੇ ਹੋਏ ਸਮੂੰਹ ਗੁਰਸਿੱਖਾਂ, ਸਿੱਖ ਜਥੇਬੰਦੀਆਂ ਸੰਪਰਦਾਵਾਂ, ਸਭਾਵਾਂ, ਪੰਥ ਦਰਦੀਆਂ ਅਥਵਾ ਸਮੂੰਹ ਖਾਲਸਾ ਪੰਥ ਨੂੰ ਅਪੀਲ ਕਰਦੇ ਹਾਂ ਕਿ ਉਹ ਆਪੋ ਆਪਣੇ ਮਤਭੇਦ, ਵਖੇਵੇਂ ਅਤੇ ਗੁੱਸੇ ਗਿਲੇ ਲਾਂਭੇ ਰੱਖ ਕੇ ਪੰਥ ਦੀ ਚੜ੍ਹਦੀ ਕਲਾ, ਗੁਰਧਾਮਾਂ ਦੀ ਪਵਿੱਤਰਤਾ ਅਤੇ **ਪੰਥਕ ਜਥੇਬੰਦੀ ਸ੍ਰੋਮਣੀ ਅਕਾਲੀ ਦਲ ਵਲੋਂ** ਚਲਾਏ ਜਾ ਰਹੇ ਧਰਮ ਯੁੱਧ ਮੋਰਚੇ ਦੀ ਸਫਲਤਾ ਹਿੱਤ ਕੋਈ ਅਜਿਹੀ ਕਾਰਵਾਈ ਜਾਂ ਗੱਲ ਨਾ ਕਰਨ ਜਿਸ ਨਾਲ ਪੰਥ ਦੀ ਮਾਣ ਮਰਯਾਦਾ ਭੰਗ ਹੁੰਦੀ ਹੋਵੇ ਜਾਂ ਗੁਰਧਾਮਾਂ ਦੀ ਬੇਅਦਬੀ ਹੁੰਦੀ ਹੋਵੇ ਜਾਂ ਗੁਰੂ ਸਾਹਿਬ ਦੇ ਸੱਚੇ, ਸੁੱਚੇ ਅਤੇ ਉਚੇ ਆਸ਼ੇ ਉਪਦੇਸ਼ਾਂ ਅਤੇ ਮਰਿਯਾਦਾ ਨੂੰ ਸੱਟ ਵੱਜਦੀ ਹੋਵੇ ਜਾਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਮ੍ਰਿਤਸਰ ਦੀ ਮਹਿਮਾ ਅਤੇ ਪਵਿੱਤਰਤਾ ਨੂੰ ਘਟਾਉਂਦੀ ਹੋਵੇ।

"ਦੇਗ ਚਲਾਉ, ਗੁਰੂ ਗੁਨ ਗਾਉ ਵਸ ਰਖੋ ਜਿਹਬਾ" ਸਤਿਗੁਰੂ ਅਗੇ ਅਰਦਾਸ ਕਰਦੇ ਹਾਂ ਕਿ ਉਹ ਸਭ ਨੂੰ ਸੁਮੱਤ ਬਖਸ਼ਣ, ਧਰਮ ਯੁੱਧ ਮੋਰਚੇ ਨੂੰ ਸਫਲ ਕਰਕੇ, ਪੰਥ ਨੂੰ ਚੜ੍ਹਦੀਆਂ ਕਲਾਂ ਅਤੇ ਖੁਸ਼ੀਆਂ ਬਖਸ਼ਣ।

ਸਾਡੀ ਇਸ ਅਪੀਲ ਉਪਰੰਤ ਜੇਕਰ ਕੋਈ ਵਿਅਕਤੀ ਜਾਂ ਜੱਥੇਬੰਦੀ, ਕੀਤੀ ਜਾ ਰਹੀ ਪੰਥ ਏਕਤਾ ਵਿਚ ਵਿਘਨ ਪਾਉਣ ਦਾ ਯਤਨ ਕਰੇਗੀ ਤਾਂ ਉਸ ਵਿਰੁੱਧ ਸਾਨੂੰ ਸਖਤ ਐਕਸ਼ਨ ਲੈਣ ਲਈ ਮਜਬੂਰ ਹੋਣਾ ਪਵੇਗਾ।

ਸਹੀ/-
ਕਿਰਪਾਲ ਸਿੰਘ ਜੱਥੇਦਾਰ,
ਸ੍ਰੀ ਅਕਾਲ ਤਖਤ ਸਾਹਿਬ,
ਸ੍ਰੀ ਅੰਮ੍ਰਿਤਸਰ।

ਸਹੀ/-
ਸਾਹਬ ਸਿੰਘ ਹੈਡ ਗ੍ਰੰਥੀ,
ਸ੍ਰੀ ਦਰਬਾਰ ਸਾਹਿਬ,
ਸ੍ਰੀ ਅੰਮ੍ਰਿਤਸਰ।

ਸਹੀ/-
ਹਰਿਚਰਨ ਸਿੰਘ ਮਹਾਲੋਂ, ਜੱਥੇਦਾਰ,
ਤਖਤ ਸ੍ਰੀ ਕੇਸਗੜ੍ਹ ਸਾਹਿਬ।

ਸਹੀ/-
ਸੰਤ ਲੱਖਾ ਸਿੰਘ ਜੱਥੇਦਾਰ,
ਤਖਤ ਸ੍ਰੀ ਦਮਦਮਾ ਸਾਹਿਬ।

ਸਹੀ/-
ਪ੍ਰੀਤਮ ਸਿੰਘ ਹੈਡ ਗ੍ਰੰਥੀ,
ਸ੍ਰੀ ਅਕਾਲ ਤਖਤ ਸਾਹਿਬ
ਸ੍ਰੀ ਅੰਮ੍ਰਿਤਸਰ।

ਦੇਗ ਤੇਗ ਫਤਹਿ ॥ ੴ ਵਾਹਿਗੁਰੂ ਜੀ ਕੀ ਫਤਹਿ ॥ ਪੰਥ ਕੀ ਜੀਤ ॥

ਅਜ ਮਿਤੀ ੮-੫-੮੪, ਮੁਤਾਬਕ ੨੬ ਵੈਸਾਖ ਸੰਮਤ ਨਾਨਕਸ਼ਾਹੀ ੫੧੫, ਦਿਨ ਮੰਗਲਵਾਰ ਨੂੰ ਸਿਖ ਸੰਗਤਾਂ ਅਤੇ ਅਕਾਲ ਫ਼ੈਡਰੇਸ਼ਨ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਜਥੇਦਾਰ, ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਜੀ ਅਤੇ ਤਖਤ ਸਾਹਿਬਾਨ ਦੇ ਜਥੇਦਾਰ ਸਾਹਿਬਾਨ ਦੀ ਸੇਵਾ ਵਿਚ ਹਾਜ਼ਰ ਹੋ ਕੇ ਅਰਪਿਤ ਕੀਤਾ ਗਿਆ,

# ਬਿਨੈ ਪੱਤਰ

ਪਰਮ ਸਤਿਕਾਰ ਯੋਗ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ

ਅਤੇ ਸਿੰਘ ਸਾਹਿਬ ਜਥੇਦਾਰ ਤਖਤ ਸਾਹਿਬਾਨ।

ਵਾਹਿਗੁਰੂ ਜੀ ਕਾ ਖ਼ਾਲਸਾ ॥
ਵਾਹਿਗੁਰੂ ਜੀ ਕੀ ਫ਼ਤਹਿ ॥

ਸਨਿੰਮਰ ਬੇਨਤੀ ਹੈ ਕਿ ਅੱਜ ਜਦੋਂ ਖਾਲਸਾ ਪੰਥ ਆਪਣੀ ਵਿਲੱਖਣ ਅਤੇ ਆਜ਼ਾਦ ਹਸਤੀ ਦੀ ਪ੍ਰਾਪਤੀ ਲਈ ਸ੍ਰੀ ਦਰਬਾਰ ਸਾਹਿਬ ਤੋਂ ਫੈਸਲਾ-ਕੁਨ ਲੜਾਈ ਲੜ ਰਿਹਾ ਹੈ। ਇਕ ਪਾਸੇ ਕਰੋੜਾਂ ਦੀ ਗਿਣਤੀ ਵਿਚ ਪੰਥ ਦੋਖੀਆਂ ਅਤੇ ਲੱਖਾਂ ਦੀ ਗਿਣਤੀ ਵਿਚ ਆਧੁਨਿਕ ਹਥਿਆਰਾਂ ਨਾਲ ਲੈਸ ਸਰਕਾਰੀ ਫੌਜਾਂ ਦਾ ਘੇਰਾ, ਹਰ ਹੀਲੇ, ਹਰ ਪਲ ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰਤਾ ਭੰਗ ਕਰਨ ਅਤੇ ਸਿੱਖੀ ਸਰੂਪ ਨੂੰ ਖਤਮ ਕਰਨ ਲਈ ਤੱਤਪਰ ਹੈ। ਆਪਣੇ ਸੂਹੀਏ ਅਤੇ ਸਾਜ਼ਸ਼ੀ, ਸਿੱਖ ਫੌਜਾਂ ਵਿਚ ਛੱਡ ਕੇ ਖਾਲਸਾ ਜੀ 'ਤੇ ਕੋਈ ਮਾਰੂ ਹਮਲਾ ਕਰਨ ਦੇ ਮੌਕੇ ਦੀ ਉਡੀਕ ਵਿਚ ਹੈ। ਦੂਜੇ ਪਾਸੇ ਸਿੱਖ ਫੌਜਾਂ ਵਿਚ ਹੀ ਲੁਕੇ ਗੁਰਚਰਨ ਸਿੰਘ ਸਕੱਤਰ ਅਤੇ ਉਸਦੇ ਸਾਥੀਆਂ ਵਰਗੇ ਪੰਥ ਦੇ ਗ਼ਦਾਰ ਲਾਲ ਸਿੰਘ ਅਤੇ ਤੇਜਾ ਸਿੰਘ ਵਾਂਗ ਮੁੜ ਸਭਰਾਉਂ ਦੀ ਲੜਾਈ ਦਾ ਇਤਿਹਾਸ ਦੁਹਰਾਉਣ ਲਈ ਕਾਹਲੇ ਹਨ। ਉਦੋਂ ਵੀ ਉਹਨਾਂ ਪੰਥ ਦੋਖੀਆਂ ਨੇ ਪੰਥ ਦੇ ਹਰੀ ਸਿੰਘ ਨਲਵਾ, ਸ਼ਾਮ ਸਿੰਘ ਅਟਾਰੀ ਅਤੇ ਅਕਾਲੀ ਫੂਲਾ ਸਿੰਘ ਵਰਗੇ ਜਰਨੈਲਾਂ ਅਤੇ ਸਿੱਖ ਰਾਜ ਦੇ ਵਾਰਸਾਂ ਨੂੰ ਸਾਜ਼ਸ਼ਾਂ ਕਰਕੇ ਮਰਵਾ ਦਿੱਤਾ ਸੀ, ਤਾਂ ਕਿ ਬੋਰੀਆਂ ਵਿਚ ਬਾਰੂਦ ਦੀ ਥਾਂ ਸਰੋਂ ਭਰਨ ਵੇਲੇ ਉਹਨਾਂ ਨੂੰ ਰੋਕਣ ਵਾਲਾ ਕੋਈ ਨਾ ਰਵ੍ਹੇ। ਅੱਜ ਵੀ ਇਹ ਸਾਜ਼ਸੀ, ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂ ਵਾਲਿਆਂ ਵਰਗੇ ਪੰਥ ਦੇ ਜਰਨੈਲਾਂ ਨੂੰ ਮਾਰ ਮੁਕਾਉਣਾ ਚਾਹੁੰਦੇ ਹਨ ਤਾਂ ਜੋ ਪੰਥ ਨਾਲ ਬੇਰੋਕ ਮਨਮਾਨੀ ਕਰ ਸਕਣ ਅਤੇ ਆਉਣ ਵਾਲੇ ਲੰਮੇ ਸਮੇਂ ਲਈ ਸਿੱਖ ਕੌਮ ਨੂੰ ਮੁੜ ਗੁਮਨਾਮੀ ਦੀ ਡੂੰਘੀ ਖੱਡ ਵਿਚ ਸੁੱਟ ਸੱਕਣ। ਸਿੱਖ ਗ਼ੈਰਤ ਦਾ ਸੌਦਾ ਕਰਨ ਵਾਲੇ ਇਹਨਾਂ ਸਾਜ਼ਸ਼ੀਆਂ ਨੇ ਦਿੱਲੀ ਦੀ ਸਰਕਾਰ ਨੂੰ ਇਕ ਬੇ-ਗ਼ੈਰਤ ਸੌਦੇਬਾਜ਼ੀ ਵਿਚ ਪੰਥ ਦੇ ਯੋਧਿਆਂ ਦੇ ਸਿਰ ਨਜ਼ਰਾਨੇ ਵਜੋਂ ਭੇਟ ਕਰਨੇ ਮੰਨ ਲਏ ਹਨ। ਸ਼ਹੀਦ ਸੁਰਿੰਦਰ ਸਿੰਘ ਸੋਢੀ ਦਾ ਕਤਲ ਇਸ ਸੌਦੇ ਦੀ ਪਹਿਲੀ ਕਿਸ਼ਤ ਹੈ। ਸਭ ਤੋਂ ਜ਼ਿਆਦਾ ਖਤਰਨਾਕ ਅਤੇ ਅਫ਼ਸੋਸਨਾਕ ਪਹਿਲੂ ਇਹ ਹੈ ਕਿ ਇਨ੍ਹਾਂ ਪੰਥ ਦੇ ਗ਼ਦਾਰਾਂ ਨੂੰ ਇਕ ਸਿੱਖ ਸਿਆਸੀ ਜਥੇਬੰਦੀ ਸ਼੍ਰੋਮਣੀ

ਅਕਾਲੀ ਦਲ ਤੇ ਕਾਬਜ਼ ਲੀਡਰਸ਼ਿਪ ਅਤੇ ਉਸਦੇ ਪ੍ਰਧਾਨ ਦੀ ਸਰਪ੍ਰਸਤੀ ਹਾਸਲ ਹੈ। ਸੰਤ ਲੌਂਗੋਵਾਲ ਵੱਲੋਂ ਪੰਥ ਧਰੋਹੀਆਂ ਨੂੰ ਦਿੱਤੀ ਪਨਾਹ ਅਤੇ ਸਰਪ੍ਰਸਤੀ ਸਿੱਖ ਪੰਥ ਵਿਚ ਰੋਹ, ਗੁੱਸੇ ਅਤੇ ਨਜ਼ਰ ਆਉਂਦੀ ਫੁੱਟ ਦਾ ਕਾਰਨ ਹੈ। ਇਨ੍ਹਾਂ ਸਾਜ਼ਸ਼ੀਆਂ ਨੂੰ ਪੰਥ ਰੋਹ ਤੋਂ ਬਚਾਉਣ ਲਈ ਹਰ ਹੀਲਾ ਵਰਤਿਆ ਜਾ ਰਿਹਾ ਹੈ। ਆਪ ਜੀ ਨੂੰ ਪੰਥਕ ਏਕਤਾ ਬਣਾਈ ਰਖਣ ਦੇ ਨਾਂ ਤੇ ਕੀਤੀ ਗਈ ਅਪੀਲ ਵੀ ਇਹਨਾਂ ਸਾਜ਼ਸ਼ੀਆਂ ਨੂੰ ਪੰਥ ਰੋਹ ਤੋਂ ਬਚਾਉਣ ਲਈ ਮਾਰਿਆ ਗਿਆ ਆਖਰੀ ਤਰਲਾ ਸੀ। ਕਿੰਨਾ ਚੰਗਾ ਹੁੰਦਾ ਜੇ ਆਪ ਜੀ ਨੇ ਇਸ ਮਸਲੇ ਦੀ ਡੂੰਘਾਈ ਵਿਚ ਜਾ ਕੇ ਕਾਹਲੀ ਤੋਂ ਕੰਮ ਨਾ ਲਿਆ ਹੁੰਦਾ।

ਲੰਮੇਂ ਸਮੇਂ ਤੋਂ ਝੂਠੇ ਪੁਲਸ ਮੁਕਾਬਲੇ ਬਣਾ ਕੇ ਅੰਮ੍ਰਿਤਧਾਰੀ ਸਿੰਘਾਂ ਦੀ ਕਤਲੇਆਮ ਅਤੇ ਪਿਛੇ ਜਿਹੇ ਹਰਿਆਣੇ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੇ 24 ਸਰੂਪ ਅਤੇ ਛੇ ਗੁਰਦਵਾਰਿਆਂ ਦਾ ਸਾੜਿਆ ਜਾਣਾ, ਸਿੱਖ ਧੀਆਂ ਦੀ ਸੜਕ ਤੇ ਅਲਫ ਨੰਗਿਆਂ ਕਰਕੇ ਬੇਪਤੀ, ਅੰਮ੍ਰਿਤ ਧਾਰੀ ਸਿੰਘਾਂ ਦੇ ਦਾਹੜੀ ਕੇਸ ਕਤਲ ਕਰਕੇ ਉਹਨਾਂ ਦੇ ਮੂੰਹ ਵਿਚ ਤੁੰਨੀਆਂ ਗਈਆਂ ਬੀੜੀਆਂ ਅਤੇ ਸ੍ਰੀ ਦਰਬਾਰ ਸਾਹਿਬ ਉਤੇ ਸੀ. ਆਰ. ਪੀ. ਵਲੋਂ ਕੀਤੇ ਗਏ ਹਮਲੇ ਅਤੇ ਫਾਇਰਿੰਗ (ਜਿਸਨੂੰ ਮੋਰਚਾ ਡਿਕਟੇਟਰ ਨੇ ਰਿਹਰਸਲ ਕਹਿ ਕੇ ਟਾਲ ਦਿੱਤਾ) ਵਰਗੇ ਦਰਦਨਾਕ ਅਤੇ ਆਪ ਜੀ ਦੇ ਧਿਆਨ ਅਤੇ ਦਖਲ ਯੋਗ ਮਸਲਿਆਂ ਤੇ ਆਪ ਜੀ ਵਲੋਂ ਇਕ ਲੰਮੀ ਚੁੱਪ ਤੋਂ ਬਾਅਦ ਇਸ ਮਸਲੇ ਤੇ ਪਹਿਲ ਕਦਮੀ ਕਰਨ ਦੀ ਲੋੜ ਅਤੇ ਕਾਰਨਾਂ ਬਾਰੇ ਆਪ ਜੀ ਹੀ ਬੇਹਤਰ ਜਾਣਦੇ ਹੋ।

ਆਪ ਜੀ ਨੇ ਜੋ ਅਪੀਲ ਦੇ ਨਾਂ ਹੇਠ ਹੁਕਮ ਖਾਲਸਾ ਪੰਥ ਨੂੰ ਜਾਰੀ ਕੀਤਾ ਹੈ ਉਸ ਬਾਰੇ ਸਿੱਖ ਸੰਗਤਾਂ ਆਪ ਜੀ ਪਾਸ ਕੁਝ ਸ਼ੰਕੇ ਨਵਿਰਤ ਕਰਨ ਲਈ ਹਾਜ਼ਰ ਹੋਈਆਂ ਹਨ। ਬੇਸ਼ਕ ਇਸਨੂੰ ਅਪੀਲ ਕਿਹਾ ਗਿਆ ਹੈ ਪਰ ਨਾਲ ਹੀ ਉਲੰਘਣਾ ਕਰਨ ਵਾਲੇ ਨੂੰ ਸਖਤ ਐਕਸ਼ਨ ਲੈਣ ਦੀ ਤਾੜਨਾ ਇਸ ਦੇ ਹੁਕਮ ਹੋਣ ਬਾਰੇ ਸ਼ੱਕ ਨਹੀਂ ਰਹਿਣ ਦੇਂਦੀ। ਪੁਰਾਤਨ ਸਿੱਖ ਪਰੰਪਰਾਵਾਂ ਅਨੁਸਾਰ ਸਿੱਖ ਸੰਗਤਾਂ ਦੇ ਨਾਂ ਹੁਕਮਨਾਮਾਂ ਜਾਰੀ ਕਰਨ ਲਈ ਸ੍ਰੀ ਅਕਾਲ ਤਖਤ ਸਾਹਿਬ ਤੇ ਸਰਬੱਤ ਖਾਲਸੇ ਦਾ ਇਕੱਠ ਸੱਦ ਕੇ ਗੁਰਮਤਾ ਕੀਤਾ ਜਾਂਦਾ ਹੈ, ਜੋ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਆਪਣੇ ਦਸਖਤਾਂ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਮੋਹਰ ਹੇਠ ਜਾਰੀ ਕਰਦੇ ਹਨ। ਪਰ ਇਸ ਵਿਚ ਅਜੇਹਾ ਨਹੀਂ ਹੈ ਅਤੇ ਆਪਣੀ ਹੀ ਤਰ੍ਹਾਂ ਦਾ ਸਿੱਖ ਇਤਿਹਾਸ ਵਿਚ ਪੰਜ ਸਿੰਘ ਸਾਹਿਬਾਨ ਵਲੋਂ ਜਾਰੀ ਕੀਤਾ ਗਿਆ ਅਪੀਲ ਦੇ ਨਾਂ ਤੇ ਹੁਕਮਨਾਮਾ ਹੈ। ਜੋ ਪੁਰਾਤਨ ਸਿੱਖੀ ਪ੍ਰੰਪਰਾਵਾਂ ਅਨੁਸਾਰ ਜਾਰੀ ਨਹੀਂ ਕੀਤਾ ਗਿਆ ਅਤੇ ਇਹ ਇਕ ਨਵੀਂ ਪਰੰਪਰਾ ਤੋਰਨ ਵਾਲੀ ਗੱਲ ਹੈ। ਹੁਣ ਵੇਖਣ ਵਾਲੀ ਗੱਲ ਇਹ ਹੈ ਕਿ ਕੀ ਇਹ ਹੁਕਮ ਖਾਲਸਾ ਪੰਥ ਨੂੰ ਚੜ੍ਹਦੀ ਕਲਾ ਵਿਚ ਖੜਦਾ ਹੈ ਜਾਂ ਪੰਥ ਦੋਖੀਆਂ ਅਤੇ ਮਨਮਤੀਆਂ ਨੂੰ ਸੁਰਖਿਆ ਅਤੇ ਉਤਸ਼ਾਹ ਮਿਲਣ ਦਾ ਕਾਰਣ ਬਣਦਾ ਹੈ।

(1) ਆਪ ਜੀ ਦੇ ਹੁਕਮ "ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਕੰਪਲੈਕਸ ਅੰਦਰ ਕੋਈ ਵਿਅਕਤੀ ਆਪਣੇ ਵਲੋਂ ਕਿਸੇ ਸਮੇਂ ਵੀ ਫਾਇਰਿੰਗ ਨਾ ਕਰੇ।"

ਅਜਿਹਾ ਕਰਕੇ ਆਪ ਜੀ ਨੇ ਇਕ ਤਰ੍ਹਾਂ ਸ੍ਰੀ ਦਰਬਾਰ ਸਾਹਿਬ ਤੇ ਕਿਸੇ ਹਮਲੇ ਦਾ ਮੁਕਾਬਲਾ ਕਰਨ ਤੇ ਵੀ ਪਾਬੰਦੀ ਲਾ ਦਿੱਤੀ ਹੈ ਕਿਉਂਕਿ ਅਧੁਨਿਕ ਹਥਿਆਰਾਂ ਨਾਲ ਲੈਸ ਸਰਕਾਰੀ ਫੌਜਾਂ ਦਾ ਬਿਨਾ ਫਾਇਰਿੰਗ ਕੀਤਿਆਂ ਮੁਕਾਬਲਾ ਕਿਵੇਂ ਕੀਤਾ ਜਾ ਸਕਦਾ ਹੈ?

ਅਤੇ ਪੰਥ ਧਰੋਹੀਆਂ ਅਤੇ ਸਾਜ਼ਸ਼ੀਆਂ ਨੂੰ ਬਿਨਾਂ ਕਿਸੇ ਡਰ ਤੋਂ ਪੰਥਕ ਸ਼ਖਸੀਅਤਾਂ ਨੂੰ ਜਾਨੋਂ ਮਾਰਨ ਦੀਆਂ ਸਾਜ਼ਸ਼ਾਂ ਅਮਲ ਵਿਚ ਲਿਆਉਣ ਦੀ ਖੁਲ੍ਹ ਦੇ ਦਿੱਤੀ ਹੈ। ਕਿਉਂਜੁ ਜਿਥੇ ਪੰਥ ਪ੍ਰੇਮੀ ਅਜੇਹੇ ਧਰੋਹੀਆਂ

ਨੂੰ ਨਾ ਮਾਰਨ ਲਈ ਪਾਬੰਦ ਹੋਣਗੇ ਉਥੇ ਪੰਥ ਧਰੋਹੀਆਂ ਤੇ ਇਸ ਪਾਬੰਦੀ ਦਾ ਕੀ ਅਸਰ ਹੋ ਸਕਦਾ ਹੈ ?

ਮੀਰੀ ਪੀਰੀ ਦੇ ਮਾਲਕ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸਮੇਂ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਹਮਣੇ ਅਤੇ ਸ੍ਰੀ ਦਰਬਾਰ ਸਾਹਿਬ ਦੇ ਪਵਿੱਤਰ ਵਾਤਾਵਰਨ ਵਿਚ ਸ਼ਸਤਰਾਂ ਦੀ ਵਰਤੋਂ ਦੀ ਸਿਖਲਾਈ ਦਿੱਤੀ ਜਾਂਦੀ ਰਹੀ ਹੈ। ਇਸ ਲਈ ਸ਼ਸਤਰਾਂ ਦੀ ਸਿਖਲਾਈ ਅਤੇ ਪਰਖ ਨਾਲ ਸ੍ਰੀ ਦਰਬਾਰ ਸ਼ਾਹਿਬ ਦੀ ਪਵਿੱਤਰਤਾ ਭੰਗ ਨਹੀਂ ਹੁੰਦੀ।

ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ, ਜੋ ਸ੍ਰੀ ਅਕਾਲ ਤਖਤ ਸਾਹਿਬ ਤੋਂ ਪਹਿਲਾ ਹੁਕਮਨਾਮਾ ਸਿੱਖ ਸੰਗਤਾਂ ਨੂੰ ਜਾਰੀ ਕੀਤਾ ਸੀ, ਉਹ ਸ਼ਸਤਰ ਬੰਦ ਹੋਣ ਅਤੇ ਸ਼ਸਤਰ ਭੇਟਾ ਲੈ ਕੇ ਆਉਣ ਲਈ ਸੀ।

ਗੁਰ-ਇਤਹਾਸ ਦੀ ਰੋਸ਼ਨੀ ਵਿਚ, ਉਸੇ ਅਕਾਲ ਤਖਤ ਸਾਹਿਬ ਤੋਂ ਆਪ ਜੀ ਵਲੋਂ ਸ਼ਸਤਰਾਂ ਦੀ ਵਰਤੋਂ ਤੇ ਪਾਬੰਦੀ ਗੁਰੂ ਆਸ਼ੇ ਅਤੇ ਆਦੇਸ਼ਾਂ ਦੇ ਉਲਟ ਹੈ।

(2) ਆਪ ਜੀ ਦੇ ਹੁਕਮ "ਕਿਸੇ ਵਿਅਕਤੀ ਦੇ ਮਾਰਨ ਕੁਟਣ, ਤਸੀਹੇ ਦੇਣ ਤੇ ਤਸ਼ੱਦਦ ਕਰਨ ਤੋਂ ਹਰ ਵਿਅਕਤੀ ਨੂੰ ਸਖਤੀ ਨਾਲ ਰੋਕਿਆ ਜਾਵੇ।"

ਸੰਤ ਸਿਪਾਹੀ ਖਾਲਸਾ ਜੀ ਲਈ ਜਿੱਥੇ ਗੁਰਦਵਾਰਾ ਸਾਹਿਬਾਨ ਸਿਮਰਨ ਅਤੇ ਸੇਵਾ ਅਸਥਾਨ ਹਨ ਉਥੇ ਜ਼ੁਲਮ ਅਤੇ ਜਬਰ ਨਾਲ ਟੱਕਰ ਲੈਣ ਲਈ ਕਿਲ੍ਹੇ ਵੀ ਹਨ। ਅੱਜ ਜਦੋਂ ਸ੍ਰੀ ਦਰਬਾਰ ਸਾਹਿਬ ਖਾਲਸਾ ਜੀ ਦੀ ਫੈਸਲਾ-ਕੁਨ ਜੰਗ ਦੀ ਸਰਗਰਮੀ ਦਾ ਕੇਂਦਰ ਹੈ ਅਤੇ ਜਦੋਂ ਖਾਲਸਾ ਜੀ ਦੀ ਕਿਲ੍ਹੇ ਬੰਦੀ ਅਤੇ ਖਾਲਸਾਈ ਫੌਜਾਂ ਦਾ ਭੇਤ ਲੈਣ ਲਈ ਸਰਕਾਰ ਦੇ ਸੂਹੀਏ ਤੇ ਸਾਜ਼ਸ਼ੀ ਸਰਗਰਮ ਹਨ, ਉਹਨਾਂ ਨੂੰ ਫੜਕੇ ਸਖਤੀ ਨਾਲ ਪੁੱਛ ਗਿਛ ਨਾ ਕਰਕੇ ਕੀ ਉਨ੍ਹਾਂ ਨੂੰ ਭੇਤ ਲੈ ਕੇ ਜਾਣ ਦਿਤਾ ਜਾਵੇ ! ਇਸ ਤਰਾਂ ਆਉਣ ਵਾਲੇ ਸਮੇਂ ਵਿਚ ਹੋਣ ਵਾਲੇ ਪੰਥਕ ਨੁਕਸਾਨ ਦਾ ਜ਼ਿੰਮੇਵਾਰ ਕੌਣ ਹੋਵੇਗਾ ? ਅਜੇਹੇ ਬੰਦਿਆਂ ਨੂੰ ਢਿੱਲ ਦੇਣ ਨਾਲ ਉਹਨਾਂ ਨੂੰ ਉਤਸ਼ਾਹ ਮਿਲੇਗਾ। ਅਜ ਤਕ ਉਨ੍ਹਾਂ ਨਾਲ ਸਖਤੀ ਵਰਤਕੇ ਹੀ ਖਾਲਸਾ ਪੰਥ ਨੂੰ ਹੋਣ ਵਾਲੇ ਬੇਹਦ ਨੁਕਸਾਨ ਤੋਂ ਬਚਾਇਆ ਗਿਆ ਹੈ।

ਇਤਹਾਸ ਗਵਾਹ ਹੈ ਕਿ ਪੰਥ ਧਰੋਹੀ ਅਤੇ ਸਾਜ਼ਸ਼ੀ, ਸ੍ਰੀ ਅਕਾਲ ਤਖਤ ਸਾਹਿਬ ਤੇ ਗੁਰਮਤੇ ਕਰਕੇ ਸੋਧੇ ਜਾਂਦੇ ਰਹੇ ਹਨ।

ਭਾਈ ਤਾਰਾ ਸਿੰਘ ਡਲਵਾਂ ਦੀ ਸ਼ਹੀਦੀ ਦੀ ਘਟਨਾ ਨੂੰ, ਸਿੰਘਾਂ ਨੇ ਚੈਲੰਜ ਮੰਨ ਕੇ, ਸਰਬਤ ਖਾਲਸੇ ਦਾ ਇਕੱਠ ਸੱਦਕੇ, ਭਾਈ ਮਨੀ ਸਿੰਘ ਜੀ ਦੀ ਜਥੇਦਾਰੀ ਸਮੇਂ ਗੁਰਮਤਾ ਕੀਤਾ ਕਿ "ਹਕੂਮਤ ਦੇ ਸਹਾਇਕਾਂ ਅਤੇ ਖੁਸ਼ਾਮਦੀਆਂ ਦੀ ਪੂਰੀ ਪੂਰੀ ਸੁਧਾਈ ਕੀਤੀ ਜਾਵੇ।" ਫਿਰ 22 ਅਕਤੂਬਰ 1761 ਈ: ਦੀ ਦਿਵਾਲੀ ਦੇ ਮੌਕੇ ਤੇ ਗੁਰਮਤਾ ਕੀਤਾ ਕਿ "ਅਬਦਾਲੀ ਦੇ ਜਿੰਨੇ ਵੀ ਸਹਾਇਕ ਅਤੇ ਸੂਹੀਏ ਹਨ ਸਭ ਨੂੰ ਸੋਧਿਆ ਜਾਵੇ।"

ਪੁਰਾਤਨ ਸਿੱਖ ਪਰੰਪਰਾਵਾਂ ਦੀ ਰੋਸ਼ਨੀ ਵਿਚ ਅਜ ਦੇ ਪੰਥ ਧਰੋਹੀਆਂ ਅਤੇ ਸਾਜ਼ਸ਼ੀਆਂ ਨੂੰ ਸੋਧਣਾ ਸਿਖੀ ਪਰੰਪਰਾਵਾਂ ਦੇ ਅਨੁਕੂਲ ਹੋਵੇਗਾ। ਪੁਰਾਤਨ ਸਮੇਂ ਤੋਂ ਸਿਖ ਇਤਿਹਾਸ ਵਿਚ ਚਲੀ ਆਉਂਦੀ ਪੰਥ ਧਰੋਹੀਆਂ ਅਤੇ ਸੂਹੀਆਂ ਸਾਜ਼ਸ਼ੀਆਂ ਨੂੰ ਸੋਧਣ ਦੀ ਪਰੰਪਰਾ ਅਜ ਕਿਵੇਂ ਗਲਤ ਹੋ ਸਕਦੀ ਹੈ ?

(3) ਆਪ ਜੀ ਦੇ ਹੁਕਮ "ਇਸ ਕੰਪਲੈਕਸ ਦੇ ਸਾਰੇ ਏਰੀਏ ਅੰਦਰ ਕਿਸੇ ਢੰਗ ਨਾਲ ਵੀ ਕਿਸੇ ਵਿਅਕਤੀ ਦੀ ਹਤਿਆ ਨਾ ਕੀਤੀ ਜਾਵੇ।"

ਕੀ ਕਿਸੇ ਵਿਅਕਤੀ ਦੀ ਪ੍ਰੀਭਾਸ਼ਾ ਵਿਚ ਹਮਲਾਵਰ, ਪੰਥ ਧਰੋਹੀ, ਮੱਸੇ ਰੰਘੜ ਅਤੇ ਮਸੰਦ ਵੀ ਸ਼ਾਮਲ ਹਨ ?

ਦਸਮੇਸ਼ ਪਿਤਾ ਵਲੋਂ, ਮਸੰਦਾਂ ਨੂੰ ਗੁਰਦਵਾਰਾ ਸਾਹਿਬ ਦੇ ਪਵਿਤਰ ਵਾਤਾਵਰਨ ਵਿਚ ਤੇਲ ਦੇ ਕੜ੍ਹਾਹਿਆਂ 'ਚ ਤਲ ਕੇ ਜੀਉਂਦੇ ਸਾੜਨ ਨਾਲ ਅਤੇ ਮਸੇ ਰੰਘੜ ਨੂੰ, ਸ੍ਰੀ ਦਰਬਾਰ ਸਾਹਿਬ ਵਿਚ ਹੀ ਸੋਧਣ ਨਾਲ, ਇਹਨਾਂ ਗੁਰ ਅਸਥਾਨਾਂ ਦੀ ਪਵਿਤਰਤਾ ਭੰਗ ਨਹੀਂ ਸੀ ਹੋਈ । ਬਲਕਿ ਸ੍ਰੀ ਦਰਬਾਰ ਸਾਹਿਬ ਦੀ ਧਰਤੀ ਦੇ ਚੱਪੇ ਚੱਪੇ ਦੀ ਪਵਿਤਰਤਾ, ਖਾਲਸਾ ਜੀ ਨੇ ਜਾਬਰਾਂ ਦੇ ਆਹੂ ਲਾਹ ਕੇ ਅਤੇ ਆਪਣਾ ਲਹੂ ਡੋਲ੍ਹ ਕੇ ਹੀ ਕਾਇਮ ਰੱਖੀ ਹੈ ।

ਗੁਰ-ਇਤਹਾਸ ਤੋਂ ਦੁਸ਼ਟਾਂ ਨੂੰ ਸੋਧ ਕੇ, ਗੁਰ ਅਸਥਾਨਾਂ ਦੀ ਪਵਿਤਰਤਾ ਕਾਇਮ ਰਖਣ ਦੀ ਪਰੰਪਰਾ, ਅਜ ਕਿਸ ਤਰ੍ਹਾਂ ਗਲਤ ਹੋ ਗਈ ਹੈ ? ਅਤੇ ਅਜ ਦੇ ਮਸੰਦਾਂ ਨੂੰ ਤਪਦੇ ਕੜਾਹਿਆਂ 'ਚ ਪਾ ਕੇ ਸੋਧਣਾ, ਕਿਵੇਂ ਗਲਤ ਹੋਵੇਗਾ ?

(4) ਆਪ ਜੀ ਦੇ ਹੁਕਮ ਕਿ "ਇੱਕ ਦੂਜੇ ਵਿਰੁਧ ਬਿਆਨ-ਬਾਜ਼ੀ ਬੰਦ ਕੀਤੀ ਜਾਵੇ । ਜਿਸ ਤੋਂ ਧੜੇਬੰਦੀ ਦਾ ਪ੍ਰਗਟਾਵਾ ਹੁੰਦਾ ਹੋਵੇ ਜਾਂ ਜਿਸ ਨਾਲ ਮਤਭੇਦ ਵਧਣ ਦਾ ਡਰ ਹੋਵੇ ਤੇ ਜੋ ਫੁੱਟ ਦਾ ਕਾਰਨ ਬਣੇ ।"

—ਜਾਤੀ ਮਤਭੇਦਾਂ ਨੂੰ ਲੈਕੇ ਕੀਤੀ ਜਾਂਦੀ ਬਿਆਨ-ਬਾਜ਼ੀ, ਜੋ ਧੜੇਬੰਦੀ ਅਤੇ ਫੁੱਟ ਦਾ ਕਾਰਨ ਬਣਦੀ ਹੈ, ਨਿੰਦਣ ਯੋਗ ਹੈ । ਪਰ ਪੰਥ ਵਿਚ ਉਭਰ ਕੇ ਸਾਹਮਣੇ ਆ ਰਹੀ ਫੁੱਟ ਦਾ ਕਾਰਨ ਸਿਧਾਂਤਕ ਮਤਭੇਦ ਹਨ । ਜੋ ਗਾਂਧੀਵਾਦੀ ਸ਼ਾਂਤਮਈ ਸਤਿਆ ਗ੍ਰਹਿ ਅਤੇ ਦਸਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹਥਿਆਰ ਬੰਦ ਘੋਲ਼ ਦੇ ਸਿਧਾਂਤ ਦੇ ਟਕਰਾਉ ਤੋਂ ਉਤਪਨ ਹੋਏ ਹਨ ।

ਕੀ ਸ਼੍ਰੋਮਣੀ ਅਕਾਲੀ ਦਲ ਤੇ ਕਾਬਜ਼ ਧੜੇ ਨੂੰ ਨਾ ਭਾਉਂਦਾ, ਸਿਖੀ ਸਿਧਾਂਤ ਦਾ ਪਰਚਾਰ, ਜੋ ਮਤਭੇਦ ਵੱਧਾ ਰਿਹਾ ਹੈ, ਬੰਦ ਕਰ ਦਿਤਾ ਜਾਵੇ ?

(5) ਆਪ ਜੀ ਦੇ ਹੁਕਮ ਕਿ "ਐਸੇ ਉਪਾਓ ਕੀਤੇ ਜਾਣ ਜਿਸ ਨਾਲ ਪੰਥਕ ਜਥੇਬੰਦੀ ਨੂੰ ਸ਼ਕਤੀ ਮਿਲੇ ਅਤੇ ਖਾਲਸਾ ਪੰਥ ਦੀ ਚੜ੍ਹਦੀ ਕਲਾ ਹੋਵੇ ।"

ਇਹ ਉਪਾਓ ਜ਼ਰੂਰ ਹੋਣੇ ਚਾਹੀਦੇ ਹਨ ਅਤੇ ਆਪ ਜੀ ਦੇ ਕਰਨ ਗੋਚਰੇ ਹਨ । ਗਾਂਧੀ ਦੇ ਅਸਰ ਥੱਲੇ ਸ੍ਰੋਮਣੀ ਅਕਾਲੀ ਦਲ ਵਲੋਂ ਕਬੂਲਿਆ ਮਨਮਤ ਦਾ ਸਿਖੀ ਸਿਧਾਂਤ ਦੇ ਉਲਟ ਸ਼ਾਂਤਮਈ ਕੁਟ ਖਾਣ, ਮਰਨ ਵਰਤ, ਅਗਨ ਕੁੰਡ ਬਣਾ ਕੇ ਸੜ ਮਰਨ, ਜਬਰ ਦੇ ਖਿਲਾਫ ਸ੍ਰੀ ਸਾਹਿਬ ਹੱਥ ਵਿਚ ਲੈ ਕੇ ਜੂਝਣ ਦੀ ਥਾਂ ਭਾਰੀ ਗਿਣਤੀ ਵਿਚ ਸਤਿਆਗ੍ਰਹੀ ਜਥੇ ਬਣਾ ਕੇ ਸਰਕਾਰੀ ਫੌਜਾਂ ਅਗੇ ਆਤਮ ਸਮਰਪਣ ਦਾ ਖਤਰਨਾਕ ਰੁਝਾਨ, ਸਿਖ ਕੌਮ ਲਈ ਕੁੱਟ ਅਤੇ ਜ਼ਲਾਲਤ ਦਾ ਕਾਰਨ ਬਣ ਰਿਹਾ ਹੈ । ਇਸੇ ਰੁਝਾਨ ਸਦਕਾ ਹੀ ਸਾਰੀ ਲੁਕਾਈ ਨੂੰ ਜ਼ੁਲਮ ਤੋਂ ਬਚਾਉਣ ਦਾ ਸੰਕਲਪ ਲੈ ਕੇ ਜਨਮੀ ਅਤੇ ਬੀਤੇ ਸਮੇਂ ਵਿਚ ਸਾਰੇ ਹਿੰਦੁਸਤਾਨ ਦੀਆਂ ਧੀਆਂ ਦੀ ਇਜ਼ਤ ਬਚਾਉਣ ਵਾਲੀ ਸਿਖ ਕੌਮ, ਹਰਿਆਣੇ ਅਤੇ ਹੋਰ ਕਈ ਥਾਵਾਂ ਤੇ ਆਪਣੀਆਂ ਹੀ ਧੀਆਂ ਦੀ ਇਜ਼ਤ ਨਹੀਂ ਬਚਾ ਸਕੀ ।

ਅਣਖ ਲਈ ਮਰ ਮਿਟਣ ਵਾਲੀ ਕੌਮ ਲਈ ਹੁਣ ਹੋਰ ਕਿਹੜੀ ਕਸਰ ਬਾਕੀ ਰਹਿੰਦੀ ਹੈ ? ਗੁਰੂ ਜੀ ਦੇ ਫੁਰਮਾਨ—

"ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ ॥
ਹਲਾਲ ਅਸਤੁ ਬੁਰਦਨ ਬ-ਸ਼ਮਸ਼ੀਰ ਦਸਤ ॥"

ਅਨੁਸਾਰ ਜਬਰ ਅਤੇ ਜ਼ੁਲਮ ਨੂੰ ਰੋਕਣ ਲਈ ਸ਼ਮਸ਼ੀਰ ਨੂੰ ਹਥ ਪਾਉਣ ਤੋਂ ਬਿਨਾ ਹੋਰ ਕਿਹੜਾ ਹੀਲ ਬਾਕੀ ਰਹਿੰਦਾ ਹੈ ?

ਹਰਿਆਣੇ ਅਤੇ ਹੋਰ ਕਈ ਥਾਈਂ ਹੋਈਆਂ ਸ਼ਰਮਨਾਕ ਘਟਨਾਵਾਂ ਖਾਲਸਾ ਜੀ ਵਿਚ ਮਨਮਤ ਦੇ ਸ਼ਾਂਤਮਈ ਸਤਿਆ ਗ੍ਰਹਿ (ਸ੍ਰੀ ਸਾਹਿਬ ਮਿਆਨੇ ਰੱਖਕੇ ਕੁੱਟ ਖਾਣ) ਦੇ ਪ੍ਰਚਾਰ ਕਰਕੇ ਲਿਆਂਦੀ ਗਈ ਢਿਲਿਆਈ ਦਾ ਹੀ ਨਤੀਜਾ ਹਨ। ਜੇ ਇਸ ਢਹਿੰਦੀਆਂ ਕਲਾ ਦੇ ਮਾਰੂ ਰੁਝਾਨ ਨੂੰ ਨਾ ਰੋਕਿਆ ਗਿਆ, ਤਾਂ ਇਹ ਚੜ੍ਹਦੀ ਕਲਾ ਦੀ ਥਾਂ ਹੋਰ ਵੀ ਢਹਿੰਦੀ ਕਲਾ ਦਾ ਕਾਰਨ ਬਣੇਗਾ। ਇਸ ਪੱਖੋਂ ਸਿਧਾਂਤਕ ਸੇਧ ਤੇ ਅਗਵਾਈ ਦੇਣੀ ਆਪ ਜੀ ਦਾ ਅਤੀ ਜ਼ਰੂਰ ਫਰਜ਼ ਹੈ। ਪਰ ਇਸ ਬਾਰੇ ਆਪ ਜੀ ਵਲੋਂ ਸਾਧੀ ਹੋਈ ਚੁੱਪ ਅਤੇ ਮੋਰਚਾ ਡਿਕਟੇਟਰ ਵਲੋਂ ਅਕਾਲੀ ਦਲ ਦੇ ਪਾਲਿਸੀ ਪ੍ਰੋਗਰਾਮ ਦੇ ਨਾਂ ਤੇ ਅਹਿੰਸਾ ਅਤੇ ਸ਼ਾਂਤਮਈ ਦੀ ਰਟ, ਪੰਥ ਲਈ ਮਾਰੂ ਸਾਬਤ ਹੋ ਰਹੀ ਹੈ। ਆਪ ਜੀ ਨੂੰ ਚਾਹੀਦਾ ਹੈ ਕਿ ਬਿਨਾ ਹੋਰ ਦੇਰ ਕੀਤਿਆਂ ਪੰਥ ਦੀ ਚੜ੍ਹਦੀ ਕਲਾ ਲਈ ਸ੍ਰੀ ਅਕਾਲ ਤਖਤ ਸਾਹਿਬ ਤੇ ਸਰਬੱਤ ਖਾਲਸੇ ਦਾ ਇਕੱਠ ਸੱਦ ਕੇ, ਗੁਰੂ ਆਸ਼ੇ ਅਤੇ ਹੁਕਮ ਅਨੁਸਾਰ 'ਰਾਜ ਕਰੇਗਾ ਖਾਲਸਾ' ਦੇ ਸੰਕਲਪ ਨੂੰ ਪੂਰਾ ਕਰਨ ਲਈ ਦਸਮੇਸ਼ ਪਿਤਾ ਵਲੋਂ ਦਿਤੇ ਗਏ ਹਥਿਆਰਬੰਦ ਘੋਲ ਦੇ ਰਾਹ ਤੇ ਮੋਰਚੇ ਨੂੰ ਅਗਾਂਹ ਤੋਰਿਆ ਜਾਵੇ।

ਜੋ ਆਪ ਜੀ ਨੇ ਪੰਥਕ ਜਥੇਬੰਦੀ ਨੂੰ ਸ਼ਕਤੀ ਮਿਲਣ ਵਾਲੇ ਉਪਾਓ ਦੀ ਗੱਲ ਕੀਤੀ ਹੈ। ਦਸਮੇਸ਼ ਪਿਤਾ ਦੇ ਹੁਕਮ ਅਨੁਸਾਰ "ਆਦਿ ਸ਼ਕਤੀ ਭਗੌਤੀ" ਹੀ ਸਾਡੀ ਸ਼ਕਤੀ ਹੈ। ਅਤੇ "ਅਸਿ ਕ੍ਰਿਪਾਣ ਖੰਡੋ ਖੜਗ ਤੁਪਕ ਤਬਰ ਅਰੁ ਤੀਰ ॥ ਸੈਫ ਸਿਰੋਹੀ ਸੈਹਥੀ ਯਹੀ ਹਮਾਰੇ ਪੀਰ ॥" ਸ਼ਸਤਰਾਂ ਦੀ ਹੀ ਓਟ ਲੈਣ ਦਾ ਸਾਨੂੰ ਹੁਕਮ ਹੈ।

ਸ੍ਰੀ ਸਾਹਿਬ ਦੀ ਸ਼ਕਤੀ ਤੋਂ ਬਿਨਾਂ, ਅਸੀਂ ਹੋਰ ਕਿਹੜੀ ਸ਼ਕਤੀ ਪੰਥ ਨੂੰ ਦੇਣਾ ਚਾਹੁੰਦੇ ਹਾਂ ? ਅਤੇ ਸ਼ਸਤਰਾਂ ਦੀ ਪਰਖ ਅਤੇ ਵਰਤੋਂ ਤੇ ਰੋਕ ਲਾ ਕੇ, ਕਿਸ ਕਿਸਮ ਦੀ ਸ਼ਕਤੀ ਅਸੀਂ ਪੰਥ ਨੂੰ ਦਿਤੀ ਹੈ ?

ਪੰਥ ਦੇ ਗ਼ੱਦਾਰਾਂ ਬਾਰੇ ਚੁਪ ਰਹਿ ਕੇ, ਕਿਸ ਕਿਸਮ ਦੀ ਸ਼ਕਤੀ ਅਸੀਂ ਪੰਥ ਨੂੰ ਦੇ ਰਹੇ ਹਾਂ ?

(6) ਆਪ ਜੀ ਦੇ ਹੁਕਮ ਕਿ "ਸ੍ਰੀ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਹਰ ਹਾਲਤ ਵਿਚ ਕਾਇਮ ਰੱਖੀ ਜਾਵੇ, ਹਮੇਸ਼ਾਂ ਲਈ ਕਦੀ ਕੋਈ ਮਾੜੀ ਘਟਨਾ ਨਾ ਵਾਪਰੇ, ਜਿਸਦਾ ਸੰਗਤਾਂ ਤੇ ਬੁਰਾ ਅਸਰ ਪੈਂਦਾ ਹੋਵੇ ਤੇ ਗੁਰ ਸੰਗਤਾਂ ਦੇ ਆਉਣ ਜਾਣ ਵਿਚ ਵਿਘਨ ਪੈਂਦਾ ਹੋਵੇ।"

ਸ੍ਰੀ ਦਰਬਾਰ ਸਾਹਿਬ ਵਿਖੇ ਸ਼ਸਤਰਾਂ ਦੀ ਸਿਖਲਾਈ ਅਤੇ ਪਰਖ, ਕਿਸੇ ਪੰਥ ਧਰੋਹੀ ਸੂਹੀਏ, ਸਾਜ਼ਸ਼ੀ, ਮੱਸੇ ਰੰਘੜ ਅਤੇ ਮਸੰਦਾਂ ਦਾ ਸੋਧਿਆ ਜਾਣਾ, ਸਿੱਖ ਸੰਗਤਾਂ ਵਿਚ ਉਤਸ਼ਾਹ ਅਤੇ ਆਤਮ ਵਿਸ਼ਵਾਸ਼ ਪੈਦਾ ਕਰਦਾ ਹੈ। ਅਤੇ ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰਤਾ ਬਹਾਲ ਰੱਖਣ ਵਿਚ ਸਹਾਈ ਹੁੰਦਾ ਹੈ। ਅਜੇਹਾ ਕਰਨਾ ਨਾ ਹੀ ਕੋਈ ਮਾੜੀ ਘਟਨਾ ਹੈ, ਨਾ ਹੀ ਇਸ ਦਾ ਸਿੱਖ ਸੰਗਤਾਂ ਤੇ ਮਾੜਾ ਅਸਰ ਹੈ ਅਤੇ ਨਾ ਹੀ ਇਸ ਨਾਲ ਗੁਰ ਸੰਗਤਾਂ ਦੇ ਆਉਣ ਜਾਣ ਵਿਚ ਕੋਈ ਵਿਘਨ ਪੈਂਦਾ ਹੈ। ਹਾਂ ਇਸ ਨਾਲ ਪੰਥ ਦੋਖੀਆਂ ਤੇ ਜ਼ਰੂਰ ਅਸਰ ਪੈਂਦਾ ਹੈ, ਉਹ ਬੇਦਿਲ ਹੁੰਦੇ ਹਨ ਅਤੇ ਉਹਨਾਂ ਦੇ ਆਉਣ ਜਾਣ ਵਿਚ ਵੀ ਵਿਘਨ ਪੈਂਦਾ ਹੈ। ਕੀ ਅਜਿਹਾ ਨਹੀਂ ਹੋਣਾ ਚਾਹੀਦਾ ?

(7) ਆਪ ਜੀ ਦੇ ਹੁਕਮ ਕਿ "ਸ਼੍ਰੋਮਣੀ ਅਕਾਲੀ ਦਲ ਵਲੋਂ ਚਲਾਏ ਜਾ ਰਹੇ ਧਰਮ ਯੁਧ ਮੋਰਚੇ ਵਿਚ ਸਾਰੀਆਂ ਸਿੱਖ ਜਥੇਬੰਦੀਆਂ ਨੂੰ ਆਪਣੇ ਮਤਭੇਦ ਭੁਲਾ ਕੇ ਵਧ ਚੜ੍ਹ ਕੇ ਡਟਵੀਂ ਮਦਦ ਕਰਨੀ ਚਾਹੀਦੀ ਹੈ। ਜਿਸ ਨਾਲ ਮੋਰਚੇ ਦੀ ਸਫਲਤਾ ਹੋਵੇ।"

ਸਾਨੂੰ ਖਿਮਾਂ ਕਰਨਾ। ਅਸੀਂ ਆਪ ਜੀ ਦੀ ਇਸ ਗੱਲ ਨਾਲ ਸਹਿਮਤ ਨਹੀਂ ਕਿ ਇਹ ਮੋਰਚਾ ਸਿਰਫ ਅਕਾਲੀ ਦਲ ਦਾ ਹੈ। ਕਿਉ ਕਿ ਇਹ ਮੋਰਚਾ ਸਮੁੱਚੇ ਖਾਲਸਾ ਪੰਥ ਦਾ ਸਾਂਝਾ ਮੋਰਚਾ ਹੈ। ਜਿਸ ਵਿਚ ਸਾਰੀਆਂ ਸਿੱਖ ਜਥੇਬੰਦੀਆਂ ਵਧ ਚੜ੍ਹ ਕੇ ਹਿੱਸਾ ਪਾ ਰਹੀਆਂ ਤੇ ਕੁਰਬਾਨੀਆਂ ਕਰ ਰਹੀਆਂ ਹਨ। ਆਪ ਜੀ ਸਮੁੱਚੇ ਪੰਥ ਦੇ ਸਰਬਰਾਹ ਹੋ। ਆਪ ਜੀ ਵਲੋਂ ਇਕ ਸਿਆਸੀ ਧੜੇ ਦਾ ਪੱਖ ਲੈਣਾ ਠੀਕ ਨਹੀਂ ਲਗਦਾ, ਜੋ ਆਪ "ਰਾਜ ਕਰੇਗਾ ਖਾਲਸਾ" ਅਤੇ ਦਸਮੇਸ਼ ਪਿਤਾ ਦੇ ਹਥਿਅ ਰਬੰਦ ਘੋਲ ਦੇ ਸੰਕਲਪ ਨਾਲੋਂ ਟੁੱਟ ਕੇ, ਸਿੱਖ ਸਿਧਾਂਤ ਦੇ ਉਲਟ ਗਾਂਧੀਵਾਦੀ ਸਤਿਆਗ੍ਰਹਿ ਦੇ ਸੰਕਲਪ ਨਾਲ ਬੱਝ ਕੇ, ਸਿੱਖ ਸੰਗਤਾਂ ਨੂੰ ਗੁਮਰਾਹ ਕਰ ਰਿਹਾ ਹੋਵੇ।

ਜੋ ਆਪ ਜੀ ਨੇ ਮੋਰਚੇ ਦੀ ਸਫਲਤਾ ਹੋਣ ਬਾਰੇ ਕਿਹਾ ਹੈ–ਸਾਡੀ ਦਸਮੇਸ਼ ਪਿਤਾ ਅਗੇ ਹਰ ਸਮੇਂ ਅਰਦਾਸ ਹੈ ਕਿ ਮੋਰਚੇ ਦੀ ਸਫਲਤਾ ਹੋਵੇ।

ਪਰ ਗੁਰੂ ਦੇ ਹੁਕਮ–

"ਜਬ ਤਕ ਖਾਲਸਾ ਰਹੇ ਨਿਆਰਾ॥ ਤਬ ਲਗ ਤੇਜ ਦੀਓ ਮੈਂ ਸਾਰਾ॥
ਜਬ ਇਹ ਗਹੈ ਬਿਪਰਨ ਕੀ ਰੀਤ॥ ਮੈਂ ਨਾ ਕਰੋਂ ਇਨ ਕੀ ਪਰਤੀਤ॥"

ਨੂੰ ਭੁੱਲ ਕੇ, ਗੁਰੂ ਦਾ ਰਾਹ ਛੱਡ ਕੇ, ਗਾਂਧੀ ਦਾ ਰਾਹ ਫੜ ਕੇ, "ਬਿਪਰਨ ਕੀ ਰੀਤ" ਵਿਚ ਪੈ ਕੇ, ਗੁਰੂ ਦੀ ਪਰਤੀਤ ਤੋਂ ਬਿਨਾਂ, ਕਿਹੜੀ ਸਫਲਤਾ ਮਿਲ ਸਕਦੀ ਹੈ? ਅਤੇ ਇੱਕੀ ਮਹੀਨਿਆਂ ਵਿਚ ਕਿਹੜੀ ਮਿਲੀ ਹੈ? ਮੋਰਚੇ ਨੂੰ ਸਫਲਤਾ ਵੀ ਗੁਰੂ ਦਾ ਰਾਹ ਫੜਿਆਂ ਹੀ ਮਿਲ ਸਕੇਗੀ।

ਜੋ ਆਪ ਜੀ ਵਲੋਂ ਕਿਹਾ ਗਿਆ ਹੈ ਕਿ "ਪੰਥ ਵਲੋਂ ਮੋਰਚਾ ਆਪਣੀ ਅੱਡਰੀ ਹਸਤੀ ਦੀ ਕਾਇਮੀ" ਲਈ ਹੈ। ਨਿਸਚੇ ਹੀ ਇਹ ਮੋਰਚਾ ਪੰਥ ਵਲੋਂ ਆਪਣੀ ਅੱਡਰੀ ਅਤੇ ਆਜ਼ਾਦ ਹਸਤੀ ਦੀ ਕਾਇਮੀ ਲਈ ਲੜਿਆ ਜਾ ਰਿਹਾ ਹੈ।

ਜੋ ਆਪ ਜੀ ਨੇ ਕਿਹਾ ਹੈ ਕਿ "ਅਜੇ ਭੀ ਜਬਰ ਤੇ ਜ਼ੁਲਮ ਦੇ ਬੱਦਲ ਸਾਡੀ ਮਾਣ ਮਰਿਆਦਾ ਅਤੇ ਹੋਂਦ ਨੂੰ ਖਤਮ ਕਰਨ ਲਈ ਮੰਡਲਾ ਰਹੇ ਹਨ।"

ਕਿੰਨਾ ਚੰਗਾ ਹੁੰਦਾ ਜੇ ਆਪ ਜੀ ਜ਼ੁਲਮ ਅਤੇ ਜਬਰ ਨੂੰ ਰੋਕਣ ਲਈ ਗੁਰੂ ਨਾਨਕ ਜੋਤ ਦਸਮੇਸ਼ ਪਿਤਾ ਵਲੋਂ ਦਿੱਤੇ ਗਏ ਰਾਹ ਬਾਰੇ ਵੀ ਕੁਝ ਕਹਿ ਜਾਂਦੇ। ਅਕਾਲੀ ਦਲ ਦੀ ਲੀਡਰਸ਼ਿਪ ਨੇ ਗੁਰੂ ਦਾ ਰਾਹ ਤਿਆਗ ਕੇ ਮਰਿਆਦਾ ਭੰਗ ਕੀਤੀ ਹੈ। "ਸਵਾ ਲਾਖ ਸੇ ਏਕ ਲੜਾਊਂ" ਦੇ ਸੰਕਲਪ ਨਾਲ ਸਾਜਿਆ ਖਾਲਸਾ ਅਹਿੰਸਾ ਅਤੇ ਸ਼ਾਂਤਮਈ ਨਾਲ ਚੰਬੇੜ ਕੇ ਕੁਟਵਾਇਆ, ਮਰਵਾਇਆ ਬੇ-ਪਤ ਅਤੇ ਜ਼ਲੀਲ ਕਰਵਾਇਆ ਜਾ ਰਿਹਾ ਹੈ।

ਜਿੰਨਾ ਚਿਰ ਆਪ ਜੀ ਜ਼ੁਲਮ ਔਰ ਜਬਰ ਨੂੰ ਠੱਲ੍ਹ ਪਾਉਣ ਲਈ ਅਤੇ ਸਿੱਖ ਮਰਿਆਦਾ ਨੂੰ ਬਚਾਉਣ ਲਈ, ਗੁਰੂ ਆਸ਼ੇ ਅਨੁਸਾਰ ਹਥਿਆਰਬੰਦ ਘੋਲ ਦਾ ਰਾਹ ਨਾ ਦਿਉਗੇ। ਸਾਨੂੰ ਕੁਟ ਪੈਂਦੀ ਰਹੇਗੀ, ਅਸੀਂ

ਜ਼ਲੀਲ ਹੁੰਦੇ ਰਹਾਂਗੇ, ਅਤੇ ਸਾਡੀ ਮਰਿਆਦਾ ਨੂੰ ਖਤਰਾ ਬਣਿਆ ਰਹੇਗਾ।

ਜੋ ਆਪ ਜੀ ਨੇ ਕਿਹਾ ਹੈ ਕਿ "ਪਿਛਲੇ ਸਮੇਂ ਵਿਚ ਹੋਈਆਂ ਮੰਦਭਾਗੀਆਂ ਘਟਨਾਵਾਂ ਪੁਰ ਚਿੰਤਾ ਪਰਗਟ ਕਰਦੇ ਹੋਏ ਸਮੂਹ ਗੁਰਸਿਖਾਂ, ਸਿਖ ਜਥੇਬੰਦੀਆਂ, ਸੰਪਰਦਾਵਾਂ, ਸਭਾਵਾਂ, ਪੰਥ ਦਰਦੀਆਂ ਅਥਵਾ ਸਮੂਹ ਖਾਲਸਾ ਪੰਥ ਨੂੰ ਅਪੀਲ ਕਰਦੇ ਹਾਂ ਕਿ ਉਹ ਆਪਣੇ ਮਤਭੇਦ, ਵਖੇਵੇਂ ਅਤੇ ਗ਼ੁੱਸੇ ਗਿਲੇ ਲਾਂਭੇ ਰਖ ਕੇ ਪੰਥ ਦੀ ਚੜ੍ਹਦੀ ਕਲਾ, ਗੁਰਧਾਮਾਂ ਦੀ ਪਵਿੱਤਰਤਾ ਅਤੇ ਪਥਕ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਵਲੋਂ ਚਲਾਏ ਜਾ ਰਹੇ ਧਰਮ ਯੁਧ ਮੋਰਚੇ ਦੀ ਸਫਲਤਾ ਹਿਤ ਕੋਈ ਅਜਿਹੀ ਕਾਰਵਾਈ ਜਾਂ ਗੱਲ ਨਾ ਕਰਨ।

ਜਿਸ ਨਾਲ ਪੰਥ ਦੀ ਮਾਣ ਮਰਿਆਦਾ ਭੰਗ ਹੁੰਦੀ ਹੋਵੇ ਜਾਂ ਗੁਰਧਾਮਾਂ ਦੀ ਬੇਅਦਬੀ ਹੁੰਦੀ ਜਾਂ ਗੁਰੂ ਸਾਹਿਬ ਦੇ ਸੱਚੇ ਸੁਚੇ ਅਤੇ ਉੱਚੇ ਉਪਦੇਸ਼ਾਂ ਅਤੇ ਮਰਿਆਦਾ ਨੂੰ ਸੱਟ ਵਜਦੀ ਹੋਵੇ ਜਾਂ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਮਹਿਮਾ ਅਤੇ ਪਵਿਤਰਤਾ ਘਟਾਉਂਦੀ ਹੋਵੇ।"

ਜਦੋਂ ਕਿ ਹੋਰ ਸਾਰੀਆਂ ਪੰਥਕ ਜਥੇਬੰਦੀਆਂ ਪੂਰੀ ਈਮਾਨਦਾਰੀ ਨਾਲ ਗੁਰੂ ਆਸ਼ੇ ਆਦੇਸ਼ਾਂ ਅਤੇ ਮਰਿਆਦਾ ਅਨੁਸਾਰ ਸਾਂਝੇ ਮੋਰਚੇ ਵਿਚ ਵਧ ਚੜ੍ਹ ਕੇ ਹਿੱਸਾ ਪਾ ਰਹੀਆਂ ਹਨ। ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਹੀ, ਗੁਰੂ ਦਾ ਰਾਹ ਤਿਆਗਕੇ ਗਾਂਧੀ ਦਾ ਰਾਹ ਫੜਕੇ ਮਰਿਆਦਾ ਭੰਗ ਕਰ ਰਹੀ ਹੈ। ਅਤੇ ਪਾਰਟੀ ਦਾ ਪ੍ਰਧਾਨ ਹੀ ਪੰਥ ਦੇ ਗ਼ੱਦਾਰਾਂ ਨੂੰ ਦਰਬਾਰ ਸਾਹਿਬ ਕੰਪਲੈਕਸ ਵਿਚ ਹੀ ਸ਼ਰਨ ਦੇ ਕੇ, ਦਰਬਾਰ ਸਾਹਿਬ ਦੀ ਮਹਿਮਾ ਘਟਾ ਰਿਹਾ ਤੇ ਪਵਿਤਰਤਾ ਭੰਗ ਕਰ ਰਿਹਾ ਹੈ।

"ਦੇਗ ਚਲਾਉ, ਗੁਰੂ ਗੁਨ ਗਾਉ, ਵਸ ਰਖੋ ਜਿਹਬਾ" ਦੇ ਨਾਲ ਨਾਲ ਸਾਨੂੰ ਦਸਮੇਸ਼ ਪਿਤਾ ਦੇ "ਦੇਗ ਤੇਗ ਜਗ ਮਹਿ ਦੋਊ ਚਲਹਿ" ਦੇ ਹੁਕਮ ਨੂੰ ਵੀ ਨਹੀਂ ਭੁੱਲਣਾ ਚਾਹੀਦਾ ਅਤੇ ਖਾਲਸਾ ਜੀ ਦੇ "ਦੇਗ ਚਲਾਓ, ਤੇਗ ਵਾਹੋ" ਦੇ ਸਿਖ ਸਿਧਾਂਤ ਨੂੰ ਸਿਰਫ ਦੇਗ ਚਲਾਉਣ ਤਕ ਹੀ ਸੀਮਤ ਨਹੀਂ ਕਰਨਾ ਚਾਹੀਦਾ।

ਅੱਗੇ ਹੀ ਅਕਾਲੀ ਦਲ ਵਲੋਂ ਗਾਂਧੀ ਦੇ ਅਸਰ ਥੱਲੇ ਤੋਰੀਆਂ ਗਈਆਂ, ਸਿਖ ਸਿਧਾਂਤ ਦੇ ਉਲਟ ਪਰੰਪਰਾਵਾਂ ਨੂੰ ਸਿਖ ਪਰੰਪਰਾਵਾਂ ਦਾ ਨਾਂ ਦੇ ਕੇ, ਸਿਖ ਸੰਗਤਾਂ ਨੂੰ ਗੁਮਰਾਹ ਕੀਤਾ ਜਾ ਰਿਹਾ ਹੈ। ਸ੍ਰੀ ਅਕਾਲ ਤਖਤ ਸਾਡੇ ਲਈ ਸਰਵ ਉੱਚ ਥਾਂ ਹੈ ਅਤੇ ਸਾਡਾ ਸਿਰ ਹਮੇਸ਼ਾਂ ਦੀ ਤਰਾਂ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮ ਅਗੇ ਝੁਕਦਾ ਹੈ ਤੇ ਝੁਕਦਾ ਰਹੇਗਾ। ਪਰ ਸ੍ਰੀ ਅਕਾਲ ਤਖਤ ਸਾਹਿਬ ਦੀ ਮਰਿਆਦਾ ਅਨੁਸਾਰ ਕੋਈ ਵੀ ਹੁਕਮ, ਸਿਖ ਸਿਧਾਂਤ ਦੀ ਕਸੱਵਟੀ ਤੇ ਪਰਖ ਕੇ, ਖਾਲਸਾਈ ਪਰੰਪਰਾਵਾਂ ਅਨੁਸਾਰ ਹੀ ਜਾਰੀ ਕੀਤਾ ਜਾਣਾ ਚਾਹੀਦਾ ਹੈ। ਕਿਉਂਕਿ ਸਾਡੀ ਸਿਧਾਂਤਕ ਸੋਧ ਅਤੇ ਪਰਖ ਦੀ ਇਹ ਆਖਰੀ ਥਾਂ ਹੈ। ਆਪ ਜੀ ਵਲੋਂ ਪਾਇਆ ਗਿਆ ਕੋਈ ਵੀ ਗਲਤ ਪੂਰਨਾ ਬਹੁਤ ਹੀ ਖਤਰਨਾਕ ਸਾਬਤ ਹੋਵੇਗਾ ਅਤੇ ਆਉਣ ਵਾਲੀਆਂ ਕਈ ਪੀੜ੍ਹੀਆਂ ਨੂੰ ਭੁਲੇਖਿਆਂ ਵਿਚ ਪਾਵੇਗਾ। ਸੋ ਸ੍ਰੀ ਅਕਾਲ ਤਖਤ ਸਾਹਿਬ ਤੋਂ ਕੋਈ ਨਵੀਂ ਪਰੰਪਰਾ ਪਾਉਣ ਤੋਂ ਪਹਿਲਾਂ, ਆਪ ਜੀ ਨੂੰ ਬਹੁਤ ਦੂਰ ਦ੍ਰਿਸ਼ਟਤਾ ਨਾਲ ਸੋਚ ਲੈਣਾ ਚਾਹੀਦਾ ਹੈ। ਜੋ ਸ੍ਰੀ ਅਕਾਲ ਤਖਤ ਸਾਹਿਬ ਤੋਂ ਵੀ ਅਪੀਲਾਂ ਹੀ ਹੋਣਗੀਆਂ ਤਾਂ ਫਿਰ ਹੁਕਮ ਕਿਥੋਂ ਹੋਣਗੇ?

ਸਾਡੀ ਬਹੁਤ ਹੀ ਨਿਮਰਤਾ ਸਹਿਤ ਬੇਨਤੀ ਹੈ ਕਿ ਸਿਖ ਸਿਧਾਂਤ ਦੀ ਰਾਖੀ ਕਰਨੀ ਆਪ ਜੀ ਦਾ ਪਹਿਲਾ ਅਤੇ ਮੁਢਲਾ ਫਰਜ਼ ਹੈ। ਗੁਰ ਇਤਹਾਸ ਅਤੇ ਸਿਖ ਪਰੰਪਰਾਵਾਂ ਅਨੁਸਾਰ ਸਿਖ ਸਿਧਾਂਤ ਵਿਚ ਜ਼ਰਾ ਜਿੰਨੀ ਵੀ ਮਿਲਾਵਟ ਬਰਦਾਸ਼ਤ ਨਹੀਂ। "ਮਿੱਟੀ ਮੁਸਲਮਾਨ ਕੀ" ਨੂੰ "ਮਿਟੀ ਬੇਈਮਾਨ ਕੀ" ਕਹਿਣ ਤੇ ਗੁਰੂ ਜੀ ਨੇ ਆਪਣਾ ਪੁਤਰ ਤਿਆਗ ਦਿਤਾ ਸੀ।

ਸਿੱਖ ਸਿਧਾਂਤ ਨੂੰ ਤੋੜ-ਮਰੋੜ ਕੇ ਮਨਮਤ ਦਾ ਪ੍ਰਚਾਰ ਕਰਨ ਵਾਲੇ ਮਸੰਦ, ਦਸਮੇਸ਼ ਪਿਤਾ ਨੇ ਜੀਊਂਦੇ ਸਾੜ ਦਿਤੇ ਸਨ। ਤਾਂ ਜੋ ਮੁੜ ਕੋਈ ਸਿੱਖ ਸਿਧਾਂਤ ਵਿਚ ਮਿਲਾਵਟ ਕਰਨ ਦਾ ਹੀਆ ਨਾ ਕਰ ਸਕੇ।

ਗੁਰੂ ਸਾਹਿਬ ਜੀ ਨੇ ਖਾਲਸਾ ਜੀ ਨੂੰ, ਸਿੱਖ ਸਿਧਾਂਤ ਤੇ ਬੜੀ ਦ੍ਰਿੜਤਾ, ਚੌਕਸੀ ਅਤੇ ਸਖਤੀ ਨਾਲ ਪਹਿਰਾ ਦੇਣ ਦੀ ਸਿਖਿਆ ਦਿਤੀ ਹੈ। ਇਸੇ ਸੁਚੇਤਤਾ ਅਤੇ ਦ੍ਰਿੜਤਾ ਨੂੰ ਪਰਖਣ ਲਈ, ਇਕ ਪੀਰ ਦੀ ਕਬਰ ਨੂੰ ਤੀਰ ਨਾਲ ਸੱਜਦਾ ਕਰਕੇ, ਗੁਰੂ ਸਾਹਿਬ ਨੇ ਸਿੰਘਾਂ ਦੀ ਪ੍ਰੀਖਿਆ ਲਈ ਸੀ। ਅਤੇ ਸਿੰਘਾ ਦੇ ਇਤਰਾਜ ਕਰਨ ਤੇ ਬੜੇ ਖੁਸ਼ ਹੋਏ ਸਨ ਅਤੇ ਆਪ ਤਨਖਾਹ ਲਵਾਈ ਸੀ। ਅਤੇ ਇਹ ਸਪਸ਼ਟ ਕਰ ਦਿੱਤਾ ਸੀ. ਕਿ ਖਾਲਸਾ ਜੀ ਆਉਣ ਵਾਲੇ ਸਮੇਂ ਵਿਚ, ਕਿਸੇ ਨੂੰ ਵੀ ਸਿੱਖ ਸਿਧਾਂਤ ਵਿਚ ਮਿਲਾਵਟ ਨਾ ਕਰਨ ਦੇਣ। ਭਾਵੇਂ ਉਹ ਕੋਈ ਵੀ ਕਿਉਂ ਨਾ ਹੋਵੇ।

ਅਸੀਂ ਆਪ ਜੀ ਨੂੰ, ਲੰਮੇ ਸਮੇਂ ਤੋਂ ਸਿੱਖ ਸਿਧਾਂਤ ਵਿਚ ਅਕਾਲੀ ਲੀਡਰਸ਼ਿਪ ਵਲੋਂ ਕੀਤੀ ਜਾ ਰਹੀ ਮਿਲਾਵਟ ਰੋਕਣ ਲਈ ਅਤੇ ਮਨਮਤ ਦੇ ਪ੍ਰਚਾਰ ਤੋਂ ਸਿੱਖ ਸੰਗਤਾਂ ਵਿਚ ਪਏ ਭੁਲੇਖੇ ਅਤੇ ਮਤਭੇਦ ਦੂਰ ਕਰਨ ਲਈ ਬੇਨਤੀ ਕੀਤੀ ਸੀ ਅਤੇ ਨਾਲ ਹੀ ਆਪ ਜੀ ਵਲੋਂ ਹਾਲੇ ਜਾਰੀ ਕੀਤੀ ਜਾਣ ਵਾਲੀ ਅਪੀਲ ਤੇ ਪਰਸਪਰ ਵਿਚਾਰਾਂ ਸਮੇਂ, ਲਿਖਤੀ ਰੂਪ ਵਿਚ, ਇਸਨੂੰ ਜਾਰੀ ਕਰਨ ਨਾਲ ਸਿੱਖ ਸੰਗਤਾਂ ਵਿਚ ਪੈਦਾ ਹੋਣ ਵਾਲੇ ਭੁਲੇਖਿਆਂ, ਤੇ ਪੰਥ ਧਰੋਹੀਆਂ ਨੂੰ ਮਿਲਣ ਵਾਲੇ ਉਤਸ਼ਾਹ ਤੋਂ ਵੀ, ਅਗਾਊਂ ਜਾਣੂ ਕਰਵਾਇਆ ਸੀ। ਸਾਨੂੰ ਖਿਮਾਂ ਕਰਨਾ ਆਪ ਜੀ ਦਾ ਇਹ ਕਹਿਣਾ ਕਿ ਪਰਸਪਰ ਵਿਚਾਰਾਂ ਉਪਰੰਤ ਸਭ ਨੇ ਉਪਰੋਕਤ ਵਿਚਾਰਾਂ ਨਾਲ ਸੰਮਤੀ ਪਰਗਟ ਕੀਤੀ ਹੈ, ਠੀਕ ਨਹੀਂ ਹੈ।

ਸਾਡੀ ਮੁੜ ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਸਿੱਖ ਸਿਧਾਂਤ ਵਿਚ ਹੋ ਰਹੀ ਮਿਲਾਵਟ ਅਤੇ ਮਨਮਤ ਦੇ ਪ੍ਰਚਾਰ ਨੂੰ ਰੋਕਣ ਲਈ, ਸਿੱਖ ਸੰਗਤਾਂ ਵਿਚ ਪਏ ਭੁਲੇਖੇ ਅਤੇ ਮਤਭੇਦ ਦੂਰ ਕਰਕੇ ਮੁਕੰਮਲ ਪੰਥਕ ਏਕਤਾ ਕਰਨ, ਪੰਥ ਦੀ ਚੜ੍ਹਦੀ ਕਲਾ ਅਤੇ ਮੋਰਚੇ ਦੀ ਸਫਲਤਾ ਲਈ ਅਤੇ ਗੁਰੂ ਆਸ਼ੇ ਅਤੇ ਆਦੇਸ਼ਾਂ ਦੀ ਪੂਰਤੀ ਲਈ–

**ਸ੍ਰੀ ਅਕਾਲ ਤਖਤ ਸਾਹਿਬ ਤੇ ਸਰਬਤ ਖਾਲਸੇ ਦਾ ਇਕੱਠ ਸਦਿਆ ਜਾਵੇ।** ਅਤੇ 'ਗਾਂਧੀ ਵਾਦੀ ਸਤਿਆਗ੍ਰਹਿ' ਤੇ 'ਡਿਕਟੇਟਰੀ' ਦੇ ਸਿੱਖ ਸਿਧਾਂਤ ਦੇ ਉਲਟ ਸੰਕਲਪਾਂ ਦੀ "ਬਿਪਰਨ ਕੀ ਰੀਤ' ਤਿਆਗ ਕੇ ਗੁਰੂ ਆਸ਼ੇ "ਰਾਜ ਕਰੇਗਾ ਖਾਲਸਾ" ਦੀ ਪੂਰਤੀ ਲਈ ਦਸਮੇਸ਼ ਪਿਤਾ ਦੇ ਦਰਸਾਏ ਹੋਏ ਹਥਿਆਰ ਬੰਦ ਘੋਲ ਦੇ ਰਾਹ ਤੇ ਮੋਰਚੇ ਨੂੰ ਅਗਾਂਹ ਤੋਰਨ ਦਾ ਗੁਰਮਤਾ ਕੀਤਾ ਜਾਵੇ। ਮਨਮਤ ਦੇ ਪ੍ਰਚਾਰ ਨਾਲ ਪਏ ਸਿੱਖ ਸੰਗਤਾਂ ਵਿਚ ਭੁਲੇਖੇ ਦੂਰ ਕੀਤੇ ਜਾਣ ਅਤੇ ਪੰਥ ਦੋਖੀਆਂ ਅਤੇ ਧਰੋਹੀਆਂ ਨੂੰ ਸੋਧਿਆ ਜਾਵੇ।

ਗੁਰੂ ਸਾਹਿਬ ਸਾਡੇ ਤੇ ਮਿਹਰ ਕਰਨਗੇ ਅਤੇ ਅਕਾਲ ਪੁਰਖ ਸਾਨੂੰ ਸਫਲਤਾ ਬਖਸ਼ੇਗਾ।

**ਗੁਰੂ ਪੰਥ ਦਾ ਦਾਸ–**

**ਕੰਵਰ ਸਿੰਘ (ਭਾਈ)**

ਕਨਵੀਨਰ **ਅਕਾਲ ਫ਼ੈਡਰੇਸ਼ਨ.**

**ਸ੍ਰੀ ਅੰਮ੍ਰਿਤਸਰ**